Hansti Duniya (Punjabi)
Vol. 47 ✶No. 10 ✶October 2023

# ਹੰਸਤੀ ਦੁਨੀਆ

₹15/-



# ਹੰਸਤੀ ਦੁਨੀਆ


✶ VOL - 47

ਅੰਕ - 10 ✶ ਅਕਤੂਬਰ 2023 ✶ Pages : 52


(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi


Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009



Editor (Honorary)

Sulekh Singh 'Sathi'

E-mail : hduniya.punjabi@nirankari.org
editorial@nirankari.org

Ph. : 011-47660200

Fax : 011-27608215

Website : www.nirankari.org
kids.nirankari.org


04




18




21




22




46




## ਸਤੰਭ


| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 12 |
| ਹਾਸਾ-ਖੇਡਾ | 18 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 21 |
| ਕੀ ਤੁਸੀਂ ਜਾਣਦੇ ਹੋ? | 29 |
| ਰੰਗ ਭਰੋ ਪ੍ਰਤੀਯੋਗਿਤਾ | 39 |
| ਕਦੇ ਨਾ ਭੁੱਲੋ | 44 |
| ਬੁੱਧੀ ਦੀ ਪਰਖ | 50 |


## ਚਿੱਤਰਕਥਾਵਾਂ


| | |
|---|---|
| ਕਿੱਟੀ | 22 |
| ਚਿਤੱਰਕਥਾ | 46 |

## ਕਹਾਣੀਆਂ


06. ਭਰਮ
– ਅਮਰਜੀਤ ਸਿੰਘ 'ਅਮਰ'

10. ਛੱਡ ਦਿਉ ਮੈਨੂੰ ...
– ਦਿਨੇਸ਼ ਦਰਪਣ

16. ਪਿੰਕੀ ਬਦਲ ਗਈ ...
– ਪ੍ਰਿਤਪਾਲ ਸਾਦਿਕ

26. ਘੁਮੰਡ ਦਾ ਨਤੀਜਾ
– ਵਿਭਾ ਵਰਮਾ

31. ਬੱਦਲ ਅਤੇ ਸਮੁੰਦਰ ...
– ਰਾਧੇਲਾਲ

34. ਕਾਲੂ ਸੁਧਰ ਗਿਆ
– ਮਹਿੰਦਰ ਸਿੰਘ ਸ਼ੇਖਾਵਤ

36. ਉਚੱਾ ਬੋਲ ਨਾ ਬੋਲੀਏ
– ਬਲਜਿੰਦਰ ਨਿਰੰਕਾਰੀ

43. ਕਰਮ ਹੀ ਹੈ ਜੀਵਨ ...
– ਸੀਤਾਰਾਮ ਗੁਪਤਾ


## ਗੀਤ-ਕਵਿਤਾਵਾਂ


05. ਬਜ਼ੁਰਗਾਂ ਦਾ ਸਤਿਕਾਰ
– ਬਲਜਿੰਦਰ ਮਾਨ

09. ਹਾਕੀ ਦਾ ਜਾਦੂਗਰ
– ਡਾ. ਪਰਸ਼ੂਰਾਮ ਸ਼ੁਕਲ

15. ਰੁੱਖ ਲਗਾਉ
– ਨੇਹਾ ਗੌਤਮ

20. ਵਾਤਾਵਰਣ ਬਚਾਉ
– ਹਰਜੀਤ ਨਿਰੰਕਾਰੀ

30. ਇਹੋ ਜਿਹਾ ਵਰ ਦਿਉ
– ਰੂਪਮਜੀਤ

38. ਬੱਚਿਆਂ ਦਾ ਸੁਪਨਾ
– ਕ੍ਰਿਸ਼ਣ ਸ਼ਰਮਾ

45. ਦੁਸਿਹਰਾ ਵੇਖਣ ਚਲੀਏ
– ਦਰਸ਼ਨ ਸਿੰਘ ਕੰਡਾ





## ਵਿਸ਼ੇਸ਼ ਲੇਖ


08. ਗਾਂਧੀ ਜੀ ਦਾ ਸੰਦੇਸ਼ ...
– ਜਗਤਾਰ ਚਮਨ

13. ਹੰਸਤੀ ਦੁਨੀਆ ਦੇ ਪ੍ਰੇਰਣਾ ...
– ਵਿਮਲੇਸ਼ ਆਹੂਜਾ


28. ਅਜਬ ਅਨੋਖੇ ਡੱਡੂ
– ਕਿਰਣ ਬਾਲਾ

32. ਈਸਬਗੋਲ
– ਕੈਲਾਸ਼ ਜੈਨ

41. ਬੁਝਾਰਤਾਂ
– ਰਾਧਾ ਨਾਚੀਜ਼















# ਹੰਕਾਰ ਤੋਂ ਬਚੋ

ਪਿਆਰੇ ਬੱਚਿਉ! ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਨੂੰ ਭਲਾ ਕੌਣ ਨਹੀਂ ਜਾਣਦਾ। ਆਪ ਵੀ ਤਾਂ ਜਾਣਦੇ ਹੀ ਹੋਵੋਗੇ ਕਿ 2 ਅਕਤੂਬਰ ਨੂੰ ਮਹਾਤਮਾ ਗਾਂਧੀ ਜੀ ਦਾ ਜਨਮ ਦਿਵਸ ਹੈ। ਇਸ ਨੂੰ ਗਾਂਧੀ ਜੈਯੰਤੀ ਕਰਕੇ ਵੀ ਮਨਾਇਆ ਜਾਂਦਾ ਹੈ। ਅਸਲ ਵਿੱਚ ਉਹਨਾਂ ਦੇ ਬਚਪਨ ਦਾ ਪੂਰਾ ਨਾਮ ਮੋਹਨਦਾਸ ਕਰਮਚੰਦ ਗਾਂਧੀ ਸੀ। ਇੱਕ ਮਹਾਤਮਾ ਵਾਲਾ ਉਹਨਾਂ ਦਾ ਜੀਵਨ ਹੋਣ ਕਰਕੇ ਉਹਨਾਂ ਨੂੰ ਮਹਾਤਮਾ ਗਾਂਧੀ ਦੇ ਨਾਮ ਤੋਂ ਜਾਣਿਆ ਜਾਂਦਾ ਹੈ। ਮਹਾਤਮਾ ਗਾਂਧੀ ਜੀ ਨੇ ਭਾਰਤ ਦੇਸ਼ ਨੂੰ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਵਿੱਚ ਅਹਿੰਸਕ ਤਰੀਕੇ ਨਾਲ ਭਰਪੂਰ ਯੋਗਦਾਨ ਦਿੱਤਾ।

ਇਹ ਵੀ ਤਾਂ ਤੁਸੀਂ ਜਾਣਦੇ ਹੀ ਹੋਵੋਗੇ ਕਿ ਲਾਲ ਬਹਾਦਰ ਸ਼ਾਸ਼ਤਰੀ ਜੀ ਦਾ ਜਨਮ ਦਿਵਸ ਵੀ 2 ਅਕਤੂਬਰ ਹੀ ਹੈ। ਉਹਨਾਂ ਦਾ ਜਨਮ ਤਾਂ ਇੱਕ ਸਾਧਾਰਣ ਪਰਿਵਾਰ ਵਿੱਚ ਹੋਇਆ ਸੀ ਪਰ ਆਪਣੀ ਮਿਹਨਤ ਅਤੇ ਲਗਨ ਦੇ ਕਾਰਣ ਉਹ ਕੁਝ ਸਮੇਂ ਤਕ ਭਾਰਤ ਦੇ ਪ੍ਰਧਾਨਮੰਤਰੀ ਵੀ ਰਹੇ।

ਪਿਆਰੇ ਬੱਚਿਉ! ਤੁਹਾਨੂੰ ਪਤਾ ਹੀ ਹੈ ਕਿ 24 ਅਕਤੂਬਰ ਨੂੰ ਦੁਸਹਿਰਾ ਵੀ ਹੈ। ਇਸ ਦਿਨ ਰਾਵਣ ਦਾ ਬੁੱਤ ਬਣਾ ਕੇ ਸਾੜਿਆ ਜਾਂਦਾ ਹੈ। ਅਸਲ ਵਿੱਚ ਇਸ ਦਿਨ ਸੱਚ ਦੀ ਜਿੱਤ ਅਤੇ ਝੂਠ ਦੀ ਹਾਰ ਹੋਈ ਸੀ। ਭਗਵਾਨ ਰਾਮ ਅਤੇ ਰਾਵਣ ਦਾ ਯੁੱਧ ਹੋਇਆ ਸੀ ਜਿਸ ਵਿੱਚ ਰਾਵਣ ਦਾ ਅੰਤ ਹੋਇਆ ਸੀ। ਅਸਲ ਵਿੱਚ ਰਾਵਣ ਬਹੁਤ ਹੰਕਾਰੀ ਸੀ। ਇਸ ਲਈ ਅਸੀਂ ਵੀ ਹੰਕਾਰ ਤੋਂ ਬਚ ਕੇ ਹੀ ਰਹਿਣਾ ਹੈ। ਐਵੇਂ ਤੁਸੀਂ ਵੀ ਕਿਸੇ ਫੋਕੀ ਆਕੜ ਵਿੱਚ ਨਹੀਂ ਆ ਜਾਣਾ। ਜੇਕਰ ਤੁਸੀਂ ਅਣਗਹਿਲੀ ਕਰਕੇ ਸਕੂਲ ਨਾ ਗਏ, ਜਮਾਤ ਵਿੱਚ ਬੈਠੇ ਐਵੇਂ ਗੱਲਾਂਬਾਤਾਂ ਹੀ ਕਰਦੇ ਰਹੇ, ਅਧਿਆਪਕ ਵੱਲ ਧਿਆਨ ਨਾ ਦਿੱਤਾ, ਸਕੂਲ ਦੇ ਹੋਮਵਰਕ ਦੀ ਪਰਵਾਹ ਨਹੀਂ ਕੀਤੀ ਤਾਂ ਇਹਨਾਂ ਕੰਮਾਂ ਤੋਂ ਰੋਕਣ ਲਈ ਅਧਿਆਪਕ ਨੂੰ ਕੁੱਝ ਕਰਨਾ ਹੀ ਪਏਗਾ। ਜੁਰਮਾਨਾ ਵੀ ਹੋ ਸਕਦਾ ਹੈ, ਸਜਾ ਵੀ ਹੋ ਸਕਦੀ ਹੈ। ਫੇਲ੍ਹ ਹੋਣ ਦੀ ਨੌਬਤ ਵੀ ਆ ਸਕਦੀ ਹੈ। ਇਸ ਨਾਲ ਮਾਤਾ-ਪਿਤਾ ਨੂੰ ਕਿੰਨਾ ਦੁੱਖ ਹੁੰਦਾ ਹੈ। ਉਹਨਾਂ ਦੀਆਂ ਸਾਰੀਆਂ ਉਮੀਦਾਂ ਤੇ ਪਾਣੀ ਫਿਰ ਜਾਂਦਾ ਹੈ। ਇਸ ਲਈ ਤੁਸੀਂ ਇਹਨਾਂ ਗਲਤ ਹਰਕਤਾਂ ਤੋਂ ਬਚ ਕੇ ਰਹਿਣਾ ਹੈ।

ਪਿਆਰੇ ਬੱਚਿਉ! ਤੁਸੀਂ ਸੁਣਿਆ ਹੋਵੇਗਾ ਜਾਂ ਪੜ੍ਹਿਆ ਹੋਵੇਗਾ ਕਿ health is wealth, ਕਿਸੇ ਕਵੀ ਨੇ ਵੀ ਖੂਬ ਲਿਖਿਆ ਹੈ ਕਿ **ਪਹਿਲਾ ਸੁੱਖ ਨਿਰੋਗੀ ਕਾਇਆ**। ਅਕਤੂਬਰ ਦੇ ਮਹੀਨੇ ਵਿੱਚ ਥੋੜੀ-ਥੋੜੀ ਗਰਮੀ ਅਤੇ ਥੋੜੀ-ਥੋੜੀ ਠੰਡ ਹੁੰਦੀ ਹੈ। ਤੁਸੀਂ ਮੌਸਮ ਦੇ ਅਨੁਸਾਰ ਕੱਪੜੇ ਪਾ ਕੇ ਰੱਖਣੇ ਹਨ। ਪੜ੍ਹਾਈ ਦੇ ਨਾਲ-ਨਾਲ ਸਿਹਤ ਦਾ ਵੀ ਖਿਆਲ ਰੱਖਣਾ ਹੈ।

ਪਿਆਰੇ ਬੱਚਿਉ! ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਛਤਰ-ਛਾਇਆ ਹੇਠ 76ਵਾਂ ਵਾਰਸ਼ਿਕ ਸੰਤ ਨਿਰੰਕਾਰੀ ਸਮਾਗਮ ਵੀ ਇਸ ਮਹੀਨੇ 28, 29 ਅਤੇ 30 ਅਕਤੂਬਰ ਨੂੰ ਸਮਾਲਖਾ (ਹਰਿਆਣਾ) ਦੀ ਅਧਿਆਤਮਿਕ ਗਰਾਊਂਡ ਵਿੱਚ ਹੋ ਰਿਹਾ ਹੈ। ਇਸ ਸਮਾਗਮ ਵਿੱਚ ਏਕਤਾ, ਸਹਿਨਸ਼ੀਲਤਾ, ਪ੍ਰੀਤ-ਪਿਆਰ, ਨਿਮਰਤਾ, ਸਾਂਝੀਵਾਲਤਾ, ਭਰਾਤਰੀਭਾਵ, ਮਿਲਵਰਤਣ, ਮਿੱਠੀ ਬੋਲੀ, ਜਾਤ-ਪਾਤ ਦੇ ਭੇਦ-ਭਾਵ ਅਤੇ ਨਿਰੰਕਾਰ ਪ੍ਰਭੂ ਦੇ ਮਿਲਾਪ ਉਤੇ ਸੰਦੇਸ਼ ਦਿੱਤੇ ਜਾਣਗੇ। ਇਹ ਸੰਦੇਸ਼ ਸਾਡੇ ਸੁਚੱਜੇ ਜੀਵਨ ਲਈ ਬਹੁਤ ਜ਼ਰੂਰੀ ਹਨ। ਤੁਸੀਂ ਵੀ ਕਿਸੇ ਵੀ ਤਰ੍ਹਾਂ ਇਹ ਸਮਾਗਮ ਜ਼ਰੂਰ ਵੇਖਣਾ ਭਾਵੇਂ ਟੀ.ਵੀ. ਉਤੇ ਹੀ ਵੇਖ ਲੈਣਾ।

✍ – ***ਸੰਪਾਦਕ***

# ਬਜ਼ੁਰਗਾਂ ਦਾ ਸਤਿਕਾਰ

– ਬਲਜਿੰਦਰ ਮਾਨ

*ਬਜ਼ੁਰਗਾਂ ਦਾ ਕਰੋ ਸਤਿਕਾਰ ਬੇਲੀਓ।*
*ਰੱਜ ਰੱਜ ਮਿਲਦਾ ਪਿਆਰ ਬੇਲੀਓ।*


*ਦਾਦਾ ਦਾਦੀ ਮੇਰੇ ਗੁਣਾਂ ਦੀ ਨੇ ਖਾਨ,*
*ਇਹਨਾਂ ਨਾਲ ਬਣੇ ਸਾਡੀ ਜੱਗ ਵਿੱਚ ਸ਼ਾਨ।*
*ਰੱਖਦੇ ਨਾ ਦਿਲਾਂ ਵਿੱਚ ਖਾਰ ਬੇਲੀਓ...*


*ਵਿਹੜੇ ਬੈਠ ਪਾਉਂਦੇ ਜਦ ਵਿਰਸੇ ਦੀਆਂ ਬਾਤਾਂ।*
*ਆਂਢੀਆਂ ਗੁਆਂਢੀਆਂ ਨਾਲ ਭਰ ਜਾਣ ਸਬਾਤਾਂ।*
*ਕਈਆਂ ਨੂੰ ਸਿਖਾਉਂਦੇ ਕੰਮਕਾਰ ਬੇਲੀਓ...*

*ਖ਼ਾਨਦਾਨ ਸਾਡਾ ਇਹਨਾਂ ਨਾਲ ਬੱਝਿਆ।*
*ਦੁੱਖਾਂ-ਮੁਸੀਬਤਾਂ ਨੂੰ ਰੱਖਦੇ ਨੇ ਕੱਜਿਆ।*
*ਇਹ ਸਭ ਦੇ ਬਣੇ ਗ਼ਮਖਾਰ ਬੇਲੀਓ...*

*ਕਬੀਲਦਾਰੀ ਨਾਲ ਇਹ ਭਰਿਆ ਭੰਡਾਰ ਐ।*
*ਸਾਂਝ ਤੇ ਪ੍ਰੀਤ ਨਾਲ ਬਣਾਇਆਂ ਸੰਸਾਰ ਐ।*
*ਰੱਖੇ ਵੱਡਿਆਂ ਨੂੰ ਖੁਸ਼ ਕਰਤਾਰ ਬੇਲੀਓ...*

*ਮਾਪਿਆਂ ਦਾ 'ਮਾਨ' ਕਦੀ ਕਹਿਣਾ ਨਹੀਓ ਮੋੜ ਹੁੰਦਾ।*
*ਵੱਡਿਆਂ ਬਗੈਰ ਕੋਈ ਤਾਰਾ ਨਹੀਓ ਤੋੜ ਹੁੰਦਾ।*
*ਬਜ਼ੁਰਗਾਂ ਨਾਲ ਕਰੋ ਸਦਾ ਪਿਆਰ ਬੇਲੀਓ...*





# ਭਰਮ

– ਅਮਰਜੀਤ ਸਿੰਘ 'ਅਮਰ'

ਇੱਕ ਨਦੀ ਸੀ ਸਵਰਣ ਰੇਖਾ। ਨਦੀ ਦੇ ਕਿਨਾਰੇ ਇੱਕ ਮਹਾਰਿਸ਼ੀ ਦਾ ਆਸ਼ਰਮ ਸੀ। ਕਈ ਚੇਲੇ ਉਥੇ ਰਹਿ ਕੇ ਵਿਦਿਆ ਹਾਸਿਲ ਕਰਦੇ ਸਨ। ਇੱਕ ਦਿਨ ਦੀ ਗੱਲ ਹੈ ਸਵੇਰ ਦਾ ਵੇਲਾ ਸੀ। ਹਵਾ ਹੌਲੀ-ਹੌਲੀ ਚੱਲ ਰਹੀ ਸੀ। ਮਹਾਰਿਸ਼ੀ ਚੇਲਿਆਂ ਨੂੰ ਕੁੱਝ ਗਿਆਨ ਦੀਆਂ ਗੱਲਾਂ ਦੱਸ ਰਹੇ ਸਨ। ਅਚਾਨਕ ਉਸ ਇਲਾਕੇ ਦਾ ਖੂੰਖਾਰ ਡਾਕੂ ਕਾਲੂ ਸਿੰਘ ਉਥੇ ਆ ਧਮਕਿਆ। ਉਸ ਨੇ ਇੱਕ ਨਜ਼ਰ ਮਹਾਰਿਸ਼ੀ ਅਤੇ ਉਸ ਦੇ ਚੇਲਿਆਂ ਤੇ ਮਾਰੀ। ਮਹਾਰਿਸ਼ੀ ਅਤੇ ਉਹਨਾਂ ਦੇ ਚੇਲਿਆਂ ਦੀ ਨਜ਼ਰ ਉਸ ਵੱਲ ਨਹੀਂ ਗਈ ਸੀ। ਉਹ ਉਸ ਦੇ ਆਉਣ ਤੋਂ ਬਿਲਕੁਲ ਬੇਖਬਰ ਸਨ।

ਕੁੱਝ ਪਲ ਡਾਕੂ ਕਾਲੂ ਸਿੰਘ ਆਪਣੀ ਜਗ੍ਹਾ ਤੇ ਖੜਾ ਰਿਹਾ। ਨਜ਼ਰ ਨਾ ਪੈਣ ਦੇ ਕਾਰਣ ਕਿਸੇ ਨੇ ਉਸ ਨੂੰ ਕੁੱਝ ਨਹੀਂ ਕਿਹਾ। ਉਸ ਨੇ ਇਸ ਨੂੰ ਆਪਣਾ ਅਪਮਾਨ ਸਮਝਿਆ। ਉਹ ਗਰਜਿਆ – ਮਹਾਰਿਸ਼ੀ ਤੇਰੀ ਇਹ ਮਜ਼ਾਲ।

ਇੱਕਦਮ ਸਾਰਿਆਂ ਦੀ ਨਜ਼ਰ ਉਸ ਪਾਸੇ ਗਈ। ਮਹਾਰਿਸ਼ੀ ਨਰਮ ਸੁਰ ਵਿੱਚ ਬੋਲੇ – ਕੌਣ ਹੋ ਭਾਈ?

– ਨਹੀਂ ਜਾਣਦਾ ਮੈਨੂੰ? ਮੈਂ ਹਾਂ ਡਾਕੂ ਕਾਲੂ ਸਿੰਘ। – ਉਸ ਨੇ ਆਕੜ ਦਿਖਾਈ।

– ਇਹ ਤਾਂ ਆਸ਼ਰਮ ਹੈ। ਇਥੇ ਵਿਦਿਆਰਥੀ ਗਿਆਨ ਹਾਸਿਲ ਕਰਨ ਲਈ ਆਉਂਦੇ ਹਨ। ਡਾਕੂ ਦਾ ਇਥੇ ਕੀ ਕੰਮ? ਫਿਰ ਵੀ ਕਹਿ, ਮੈਂ ਤੇਰੀ ਕੀ ਸੇਵਾ ਕਰਾਂ? – ਮਹਾਰਿਸ਼ੀ ਸ਼ਾਂਤ ਸੁਰ ਵਿੱਚ ਬੋਲੇ।

– ਇਥੇ ਮੇਰਾ ਅਪਮਾਨ ਹੋਇਆ ਹੈ। ਮੈਂ ਆਪਣਾ

ਅਪਮਾਨ ਸਹਿਣ ਨਹੀਂ ਕਰ ਸਕਦਾ। - ਡਾਕੂ ਕਾਲੂ ਸਿੰਘ ਦੀਆਂ ਅੱਖਾਂ ਗੁੱਸੇ ਨਾਲ ਲਾਲ-ਪੀਲੀਆਂ ਨਜ਼ਰ ਆ ਰਹੀਆਂ ਸਨ।

- ਕਿਹੋ ਜਿਹਾ ਅਪਮਾਨ? - ਮਹਾਰਿਸ਼ੀ ਨੇ ਪੁੱਛਿਆ।

- ਮੈਂ ਇਥੇ ਬਹੁਤ ਦੇਰ ਤੋਂ ਖੜਾ ਹਾਂ। ਕਿਸੇ ਨੇ ਮੇਰਾ ਕੁੱਝ ਖਿਆਲ ਨਹੀਂ ਕੀਤਾ। -ਡਾਕੂ ਕਾਲੂ ਸਿੰਘ ਨੇ ਫਿਰ ਕਿਹਾ - ਮਹਾਰਿਸ਼ੀ ਚੰਗੀ ਤਰ੍ਹਾਂ ਜਾਣ ਲਉ ਇਹ ਮੇਰਾ ਇਲਾਕਾ ਹੈ। ਮੇਰੀ ਇੱਛਾ ਦੇ ਬਿਨਾ ਇਥੇ ਪੱਤਾ ਤਕ ਵੀ ਨਹੀਂ ਹਿੱਲਦਾ ਹੈ।

- ਇਹ ਤੇਰਾ ਭਰਮ ਹੈ, ਕਾਲੂ ਸਿੰਘ । ਮਹਾਰਿਸ਼ੀ ਨੇ ਨਿਡੱਰਤਾ-ਪੂਰਵਕ ਕਿਹਾ। ਕਿਸੇ ਵੀ ਡਾਕੂ ਵਿੱਚ ਐਨੀ ਤਾਕਤ ਹੋ ਹੀ ਨਹੀਂ ਸਕਦੀ ਕਿ ਉਸ ਦੀ ਇੱਛਾ ਦੇ ਬਿਨਾ ਪੱਤਾ ਤਕ ਨਾ ਹਿੱਲੇ।

- ਇਹ ਸੱਚ ਹੈ। - ਕਾਲੂ ਸਿੰਘ ਆਪਣੀ ਗੱਲ ਤੇ ਖੂਬ ਜ਼ੋਰ ਦੇ ਕੇ ਬੋਲਿਆ।


- ਕਦੇ ਨਹੀਂ, ਸਾਹਮਣੇ ਰੁੱਖ ਦੇ ਪੱਤੇ ਹਿੱਲ ਰਹੇ ਹਨ। ਤੂੰ ਉਹਨਾਂ ਨੂੰ ਹਿੱਲਣ ਤੋਂ ਰੋਕ ਤਾਂ ਵੇਖਾਂ। ਹੁਣੇ ਤੇਰੀ ਤਾਕਤ ਦਾ ਅੰਦਾਜ਼ਾ ਸਾਨੂੰ ਹੋ ਜਾਏਗਾ - ਮਹਾਰਿਸ਼ੀ ਨੇ ਸਾਫ਼ ਕਿਹਾ।

- ਮੇਰੇ ਕਹਿਣ ਦਾ ਮਤਲਬ ਤੂੰ ਸਮਝਿਆ ਨਹੀਂ ਮਹਾਰਿਸ਼ੀ। -ਡਾਕੂ ਕਾਲੂ ਸਿੰਘ ਗਰਜਿਆ।

- ਖੂਬ ਸਮਝਿਆ ਹੈ, ਨਾ ਸਮਝ ਤੂੰ ਹੈ। ਲੋੜ ਤੈਨੂੰ ਸਮਝਾਉਣ ਦੀ ਹੈ, ਸਾਨੂੰ ਨਹੀਂ।

ਉਧਰ ਵੇਖੋ, ਰੁੱਖ ਦੇ ਪੱਤੇ ਹੁਣ ਨਹੀਂ ਹਿਲ ਰਹੇ ਹਨ, ਤੂੰ ਆਪਣੀ ਤਾਕਤ ਲਗਾ ਕੇ ਉਹਨਾਂ ਨੂੰ ਹਿਲਾਉਣ ਦੀ ਕੋਸ਼ਿਸ਼ ਕਰ, ਪੱਤੇ ਨਹੀਂ ਹਿੱਲਣਗੇ।

ਕਾਲੂ ਸਿੰਘ ਨੂੰ ਮਹਾਰਿਸ਼ੀ ਦੀ ਗੱਲ ਅਟਪਟੀ ਲੱਗੀ।



ਉਹ ਅਗੇ ਵਧਿਆ। ਰੁੱਖ ਦੇ ਨੇੜੇ ਗਿਆ। ਉਸ ਨੇ ਰੁੱਖ ਦੀ ਟਹਿਣੀ ਫੜ ਕੇ ਪੱਤੇ ਹਿਲਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਪਰ ਉਹ ਰੁੱਖ ਦੀ ਟਹਿਣੀ ਹਿਲਾ ਨਹੀਂ ਸਕਿਆ। ਇੱਕ ਵੀ ਪੱਤਾ ਨਾ ਹਿੱਲਿਆ। - ਕਾਲੂ ਸਿੰਘ ਥੱਕ ਕੇ ਪਸੀਨੇ ਨਾਲ ਤਰ ਹੋ ਗਿਆ।

- ਹੁਣ ਪੱਤੇ ਹਿੱਲਣਗੇ। - ਮਹਾਰਿਸ਼ੀ ਨੇ ਕਿਹਾ ਤਾਂ ਰੁੱਖ ਦੇ ਪੱਤੇ ਹਿੱਲਣ ਲੱਗੇ।

ਡਾਕੂ ਕਾਲੂ ਸਿੰਘ ਨੂੰ ਮਹਾਰਿਸ਼ੀ ਨੇ ਕਈ ਵਾਰ ਇਹ ਕ੍ਰਿਸ਼ਮਾ ਵਿਖਾਇਆ ਕਿ ਉਹ ਜੋ ਬੋਲਦੇ ਸਨ, ਸਾਹਮਣੇ ਵਾਲੇ ਰੁੱਖ ਦੇ ਪੱਤੇ ਉਹਨਾਂ ਦੀ ਆਗਿਆ ਦਾ ਪਾਲਣ ਕਰਦੇ ਸਨ। ਕਾਲੂ ਸਿੰਘ ਨੂੰ ਮਹਾਰਿਸ਼ੀ ਦੀ ਦੈਵੀ ਸ਼ਕਤੀ ਦੀ ਝਲਕ ਮਿਲ ਗਈ। ਪਲਭਰ ਵਿੱਚ ਉਸ ਦਾ ਕ੍ਰੋਧ ਸ਼ਰਧਾ ਵਿੱਚ ਬਦਲ ਗਿਆ। ਉਹ ਝਟ ਮਹਾਰਿਸ਼ੀ ਦੇ ਪੈਰਾਂ ਵਿੱਚ ਡਿਗ ਪਿਆ ਅਤੇ ਫੁੱਟ-ਫੁੱਟ ਕੇ ਰੋਣ ਲੱਗਾ।

ਮਹਾਰਿਸ਼ੀ ਨੇ ਉਸ ਨੂੰ ਉਠਾਇਆ ਅਤੇ ਫਿਰ ਪੁੱਛਿਆ - ਰੋਂਦੇ ਕਿਉਂ ਹੋ?

- ਮੈਂ ਜੀਵਨ ਵਿੱਚ ਬਹੁਤ ਕੁਕਰਮ ਕੀਤੇ ਹਨ ਰਿਸ਼ੀਵਰ। ਹੁਣ ਆਪ ਹੀ ਮੇਰਾ ਕਲਿਆਣ ਕਰ ਸਕਦੇ ਹੋ। ਮੈਂ ਆਪ ਦੀ ਸ਼ਰਣ ਵਿੱਚ ਹਾਂ। - ਕਾਲੂ ਸਿੰਘ ਨਿਮਰਤਾ ਪੂਰਵਕ ਬੋਲਿਆ।

ਮਹਾਰਿਸ਼ੀ ਨੇ ਉਸ ਨੂੰ ਸਮਝਾਇਆ - ਕਾਲੂ ਸਿੰਘ, ਯਾਦ ਰੱਖ। ਸਰੀਰਕ ਤਾਕਤ ਦੇ ਦੁਰਉਪਯੋਗ ਨਾਲ ਤਾਕਤ ਕਦੇ ਵਧਦੀ ਨਹੀਂ ਬਲਕਿ ਘੱਟਦੀ ਹੀ ਹੈ। ਅੱਜ ਤਕ ਤੂੰ ਕੇਵਲ ਤਾਕਤ ਦਾ ਦੁਰਉਪਯੋਗ ਹੀ ਕੀਤਾ ਹੈ। ਆਪਣਾ ਕਲਿਆਣ ਚਾਹੁੰਦੇ ਹੋ ਤਾਂ ਇੱਕ ਕੰਮ ਕਰੋ।

- ਕਹੋ।

- ਅੱਜ ਤੋਂ ਆਪਣੀ ਤਾਕਤ ਦਾ ਸਦਉਪਯੋਗ ਕਰਨਾ ਸਿੱਖੋ। ਪਰਉਪਕਾਰ ਦੇ ਕੰਮਾਂ ਵਿੱਚ ਆਪਣੇ ਆਪ ਨੂੰ ਲਗਾਉ। ਤੇਰੇ ਅੱਜ ਤਕ ਦੇ ਕੁਕਰਮਾਂ ਦਾ ਇਹੀ ਪਛਤਾਵਾ ਹੈ।

- ਮਹਾਰਿਸ਼ੀ ਨੇ ਆਪਣੀ ਗੱਲ ਪੂਰੀ ਕੀਤੀ।


- ਇੰਝ ਹੀ ਕਰਾਂਗਾ। - ਕਹਿ ਕੇ ਡਾਕੂ ਕਾਲੂ ਸਿੰਘ ਉਥੋਂ ਚਲਾ ਗਿਆ। ■

ਪ੍ਰੇਰਕ ਪ੍ਰਸੰਗ

(2 ਅਕਤੂਬਰ : ਗਾਂਧੀ ਜੈਯੰਤੀ ਤੇ ਵਿਸ਼ੇਸ਼)

# ਗਾਂਧੀ ਜੀ ਦਾ ਸੰਦੇਸ਼

ਪੇਸ਼ਕਸ਼ : ਜਗਤਾਰ ਚਮਨ



ਇੱਕ ਵਾਰ ਮਹਾਤਮਾ ਗਾਂਧੀ ਨੂੰ ਇੱਕ ਚਿੱਠੀ ਮਿਲੀ, ਜਿਸ ਵਿੱਚ ਲਿਖਿਆ ਗਿਆ ਸੀ ਕਿ ਸ਼ਹਿਰ ਵਿੱਚ ਇੱਕ ਗਾਂਧੀ ਮੰਦਿਰ ਦੀ ਸਥਾਪਨਾ ਕੀਤੀ ਗਈ ਹੈ, ਮੰਦਿਰ ਵਿੱਚ ਰੋਜ਼ਾਨਾਂ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਇਹ ਜਾਣ ਕੇ ਗਾਂਧੀ ਜੀ ਪ੍ਰੇਸ਼ਾਨ ਹੋ ਗਏ, ਉਨ੍ਹਾਂ ਨੇ ਲੋਕਾਂ ਨੂੰ ਬੁਲਾਇਆ ਅਤੇ ਉਨ੍ਹਾਂ ਦੀ ਮੂਰਤੀ ਦੀ ਪੂਜਾ ਕਰਨ ਦੀ ਨਿੰਦਾ ਕੀਤੀ। ਇਸ ਤੇ ਉਨ੍ਹਾਂ ਦੇ ਇੱਕ ਸਮਰਥਕ ਨੇ ਕਿਹਾ, ਬਾਪੂ ਜੀ, ਜੇਕਰ ਕੋਈ ਵਿਅਕਤੀ ਚੰਗੇ ਕੰਮ ਕਰਦਾ ਹੈ ਤਾਂ ਉਸ ਦੀ ਪੂਜਾ ਕਰਨ ਵਿੱਚ ਕੋਈ ਗਲਤੀ ਨਹੀਂ ਹੈ।

ਇਹ ਸੁਣ ਕੇ ਗਾਂਧੀ ਜੀ ਨੇ ਕਿਹਾ, 'ਭਾਈ, ਤੁਸੀਂ ਕੀ ਗੱਲ ਕਰ ਰਹੇ ਹੋ? ਮੇਰੀ ਮੂਰਤੀ ਬਣਾ ਕੇ ਪੂਜਣਾ ਇੱਕ ਬੇਢੰਗਾ ਕੰਮ ਹੈ। ਇਹ ਸੁਣ ਕੇ ਉਥੇ ਮੌਜੂਦ ਲੋਕਾਂ ਨੇ ਕਿਹਾ, 'ਬਾਪੂ ਜੀ ਅਸੀਂ ਤੁਹਾਡੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਏ ਹਾਂ, ਇਸ ਲਈ ਜੇਕਰ ਤੁਹਾਨੂੰ ਇਹ ਸਨਮਾਨ ਦਿੱਤਾ ਜਾ ਰਿਹਾ ਹੈ ਤਾਂ ਇਸ ਵਿੱਚ ਗਲਤ ਕੀ ਹੈ।

ਗਾਂਧੀ ਨੇ ਪੁੱਛਿਆ, 'ਤੁਸੀਂ ਮੇਰੇ ਕਿਸ ਕੰਮ ਤੋਂ ਪ੍ਰਭਾਵਿਤ ਹੋ?

ਇਹ ਸੁਣ ਕੇ ਸਾਹਮਣੇ ਖੜ੍ਹਾ ਇੱਕ ਨੌਜਵਾਨ ਬੋਲਿਆ, 'ਬਾਪੂ ਜੀ ਤੁਸੀਂ ਹਰ ਕੰਮ ਪਹਿਲਾਂ ਆਪ ਕਰਦੇ ਹੋ, ਹਰ ਜ਼ਿੰਮੇਵਾਰੀ ਆਪਣੇ ਸਿਰ ਲੈਂਦੇ ਹੋ ਅਤੇ ਆਪਣੀ ਅਹਿੰਸਕ ਨੀਤੀ ਨਾਲ ਦੁਸ਼ਮਣ ਨੂੰ ਵੀ ਪ੍ਰਭਾਵਿਤ ਕਰਦੇ ਹੋ, ਅਸੀਂ ਤੁਹਾਡੇ ਇਨ੍ਹਾਂ ਗੁਣਾਂ ਤੋਂ ਬਹੁਤ ਪ੍ਰਭਾਵਿਤ ਹੋਏ ਹਾਂ।'

ਗਾਂਧੀ ਜੀ ਨੇ ਕਿਹਾ, 'ਜੇਕਰ ਤੁਸੀਂ ਮੇਰੇ ਕੰਮਾਂ ਅਤੇ ਗੁਣਾਂ ਤੋਂ ਪ੍ਰਭਾਵਿਤ ਹੋ, ਤਾਂ ਤੁਹਾਨੂੰ ਵੀ ਉਨ੍ਹਾਂ ਗੁਣਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣਾ ਚਾਹੀਦਾ ਹੈ। ਤੋਤੇ ਵਾਂਗ ਬੋਲਣ ਨਾਲ ਨਹੀਂ, ਇਸ ਨੂੰ ਅਮਲ ਵਿੱਚ ਲਿਆਉਣ ਨਾਲ ਹੀ ਕੋਈ ਫਰਕ ਪਵੇਗਾ। ਮੇਰੀ ਸਿੱਖਿਆ ਨੂੰ ਜੀਵਨ ਵਿੱਚ ਲਿਆਉਣਾ ਹੀ ਸੱਚੀ ਭਗਤੀ ਹੈ ਇਹ ਪੈਸਾ ਜ਼ਰੂਰੀ ਕੰਮਾਂ ਲਈ ਵਰਤਿਆ ਜਾ ਸਕਦਾ ਸੀ। ਇਸ ਤਰ੍ਹਾਂ ਉਨ੍ਹਾਂ ਨੇ ਆਪਣੀ ਪੂਜਾ ਬੰਦ ਕਰਵਾ ਦਿੱਤੀ। ਅਜਿਹੇ ਸਨ ਮਹਾਤਮਾ ਗਾਂਧੀ ਜੀ। ■

# ਹਾਕੀ ਦਾ ਜਾਦੂਗਰ – ਧਿਆਨ ਚੰਦ

– ਡਾ. ਪਰਸ਼ੂਰਾਮ ਸ਼ੁਕਲ



ਆਉ ਬੱਚਿਉ ਅੱਜ ਅਸੀਂ ਸਾਰੇ,
ਧਿਆਨਚੰਦ ਨੂੰ ਜਾਣੀਏ।
ਹਾਕੀ ਦੇ ਇਸ ਜਾਦੂਗਰ ਨੂੰ,
ਕਵਿਤਾ ਨਾਲ ਪਛਾਣੀਏ।

ਸੰਨ ਉਨੀ ਸੌ ਪੰਜ ਨੂੰ ਦੇਸ਼ ਨੇ,
ਇੱਕ ਰਤਨ ਧਨ ਪਾਇਆ।
ਜਿਸ ਨੇ ਹਾਕੀ ਵਿੱਚ ਭਾਰਤ ਦਾ,
ਜਗ ਵਿੱਚ ਝੰਡਾ ਲਹਿਰਾਇਆ।

ਸੈਨਾ ਦਾ ਇੱਕ ਛੋਟਾ ਜਿਹਾ ਸੈਨਿਕ,
ਦ੍ਰਿੜ ਇੱਛਾਵਾਂ ਲੈ ਕੇ ਆਇਆ।
ਕਰ ਨਾ ਸਕਿਆ ਕੋਈ ਹੁਣ ਤਕ,
ਜੋ ਉਸ ਨੇ ਕਰ ਵਿਖਾਇਆ।

ਲੈ ਕੇ ਹਾਕੀ ਗਿਆ ਜਰਮਨੀ,
ਆਸਟ੍ਰੇਲੀਆ ਆਇਆ।
ਅਤੇ ਪਹੁੰਚ ਕੇ ਅਮਰੀਕਾ ਉਸ ਨੇ,
ਆਪਣਾ ਖੇਡ ਵਿਖਾਇਆ।

ਸਾਰੇ ਜਗ ਵਿੱਚ ਧੁੰਮ ਮੱਚ ਗਈ,
ਉਲੰਪਿਕ ਵੀ ਜਿੱਤੇ।
ਹਾਕੀ ਵਾਲੇ ਉਸ ਦੇ ਅੱਗੇ,
ਸਾਰੇ ਲੱਗਣ ਫਿੱਕੇ।

ਬਰਲਿਨ ਉਲੰਪਿਕ ਵਿੱਚ ਉਸ ਨੂੰ,
ਹਿਟਲਰ ਨੇ ਪਹਿਚਾਨਾ।
ਬੋਲਿਆ ਸੈਨਿਕ ਧਿਆਨਚੰਦ ਨੂੰ,
ਕੋਲ ਤੂੰ ਸਾਡੇ ਆਉਣਾ।

ਖੇਡ ਤੁਹਾਡਾ ਸਭ ਤੋਂ ਚੰਗਾ,
ਆਪਣਾ ਨਾਮ ਦੱਸ ਜਾਉ।
ਫੀਲਡਮਾਰਸ਼ਲ ਤੁਹਾਨੂੰ ਬਣਾਊਂ,
ਤੁਸੀਂ ਜਰਮਨ ਆ ਜਾਉ।

ਸਾਰੇ ਜਗ ਵਿੱਚ ਇਸੇ ਤਰ੍ਹਾਂ ਨਾਲ,
ਉਸ ਨੇ ਧੁੰਮ ਮਚਾਈ।
ਇਹੋ ਜਿਹੇ ਜਗ ਵਿੱਚ ਬਣੋ ਤੁਸੀਂ ਵੀ,
ਗੱਲ ਸਮਝ ਵਿੱਚ ਆਈ।

ਤਿੰਨ ਦਸੰਬਰ ਸੰਨ ਉਨਾਸੀ,
ਨੂੰ ਉਹ ਸਵਰਗ ਸਿਧਾਰਾ।
ਮੈਂ ਵੀ ਆਪਣੇ ਮੋਢਿਆਂ ਦਾ,
ਉਸ ਨੂੰ ਦਿੱਤਾ ਸਹਾਰਾ।

ਧਿਆਨਚੰਦ ਨੇ ਬੱਚਿਆਂ ਨੂੰ ਵੀ,
ਖੂਬ ਪਿਆਰ ਲੁਟਾਇਆ।
ਜਨਮਦਿਵਸ ਉਸ ਦਾ ਹੀ ਬੱਚਿਉ,
ਖੇਲ ਦਿਵਸ ਅਖਵਾਇਆ।

# ਛੱਡ ਦਿਓ ਮੈਨੂੰ

– ਦਿਨੇਸ਼ ਦਰਪਣ



ਘਰ ਦੀ ਖਿੜਕੀ ਤੇ ਇੱਕ ਪਿੰਜਰਾ ਰੱਖਿਆ ਸੀ। ਵੇਖਣ ਵਿੱਚ ਤਾਂ ਉਹ ਸਧਾਰਣ ਜਿਹਾ ਪਿੰਜਰਾ ਹੀ ਸੀ, ਪਰ ਜਦ ਉਸ ਵਿੱਚ ਕਿਸੇ ਪੰਛੀ ਨੂੰ ਬੰਦ ਕੀਤਾ ਜਾਂਦਾ ਤਾਂ ਉਹ ਉਸ ਨੂੰ ਛੱਡ ਦਿੰਦਾ ਸੀ ਅਤੇ ਖੁਲ੍ਹੇ ਆਕਾਸ਼ ਵਿੱਚ ਉਡਾ ਦਿੰਦਾ ਸੀ। ਸਵੇਰੇ-ਸਵੇਰੇ ਮੂੰਹ-ਮਨ੍ਹੇਰੇ ਜਦ ਸਾਰੇ ਲੋਕ ਸੌਂ ਰਹੇ ਹੁੰਦੇ ਤਦ ਪਿੰਜਰਾ ਅਤੇ ਖਿੜਕੀ (ਪਿੰਜਰੇ ਦੀ ਛੋਟੀ ਜਿਹੀ ਖਿੜਕੀ) ਖੁਲ੍ਹ ਜਾਂਦੀ, ਪਿੰਜਰਾ ਵੀ ਆਪਣੀ ਤਾਰ ਚੌੜੇ ਕਰ ਦਿੰਦਾ ਅਤੇ ਪੰਛੀ ਫੁਰਰ ਨਾਲ ਖੁਲ੍ਹੇ ਆਕਾਸ਼ ਵਿੱਚ ਉਡ ਜਾਂਦਾ ਸੀ।

ਇੱਕ ਵਾਰ ਇੱਕ ਤੋਤੇ ਨੂੰ ਉਸ ਵਿੱਚ ਰੱਖਿਆ ਗਿਆ। ਸਵੇਰੇ-ਸਵੇਰੇ ਹਮੇਸ਼ਾਂ ਦੀ ਤਰ੍ਹਾਂ ਪਿੰਜਰੇ ਵਿੱਚ ਹਰਕਤ ਹੋਈ। ਪਿੰਜਰੇ ਨੇ ਆਪਣੇ ਤਾਰ ਫੈਲਾ ਦਿੱਤੇ ਪਰ ਤੋਤਾ ਤਾਂ ਹਮੇਸ਼ਾਂ ਦੀ ਤਰ੍ਹਾਂ 'ਘੋੜੇ ਵੇਚ ਕੇ' ਗੂੜੀ ਨੀਂਦ ਵਿੱਚ ਸੌਂ ਰਿਹਾ ਸੀ।

– ਅਰੇ ਉਠ! ਉਡ ਜਾ ਸਵੇਰ ਹੋ ਗਈ। – ਪਿੰਜਰੇ ਨੇ ਤੋਤੇ ਨੂੰ ਕਿਹਾ।

– ਕਿਉਂ ਤੂੰ ਮੈਨੂੰ ਕਿਉਂ ਭਜਾ ਰਿਹਾ ਹੈ? ਤੋਤੇ ਨੇ ਪਿੰਜਰੇ ਤੋਂ ਪੁੱਛਿਆ।


– ਉਡ ਜਾ! ਅਤੇ ਆਜ਼ਾਦੀ ਨਾਲ ਜੀਵਨ ਜੀਅ। ਪਿੰਜਰੇ ਨੇ ਫਿਰ ਤੋਤੇ ਨੂੰ ਕਿਹਾ।


– ਹੂੰ! ਆਜ਼ਾਦੀ ਨਾਲ ਜਿਊਂ? ਕਿਉਂ ਜੀ ਉਥੇ ਮੈਨੂੰ ਖਾਣ ਲਈ ਕੌਣ ਦਏਗਾ? ਜ਼ਮੀਨ ਤੇ ਪਏ ਟੁਕੜੇ ਇੱਕਠੇ ਕਰਦਾ ਫਿਰਾਂਗਾ? – ਤੋਤਾ ਬੋਲਿਆ।

– ਪਰ ਹੁਣ ਤਾਂ ਤੂੰ ਕੈਦ ਵਿੱਚ ਹੈ।

– ਪਿੰਜਰੇ ਨੇ ਕਿਹਾ।

– ਤਾਂ ਕੀ ਹੋਇਆ? -ਤੋਤੇ ਨੇ ਉੱਤਰ ਦਿੱਤਾ।





– ਤੇਰੀ ਸਮਝ ਵਿੱਚ ਕੁੱਝ ਆਇਆ?

– ਪਿੰਜਰੇ ਨੇ ਆਪਣੀ ਤਾਕੀ (ਪਿੰਜਰੇ ਦੀ ਛੋਟੀ ਜਿਹੀ ਖਿੜਕੀ) ਤੋਂ ਪੁੱਛਿਆ।

– ਮੈਨੂੰ ਲੱਗਦਾ ਹੈ, ਇਹ ਤੋਤਾ ਬਹੁਤ ਅਕਲਮੰਦ ਹੈ। – ਤਾਕੀ ਨੇ ਜਵਾਬ ਦਿੱਤਾ। ਦਿਨ ਬੀਤਣ ਲੱਗੇ। ਤੋਤਾ ਚੈਨ ਨਾਲ ਜੀਅ ਰਿਹਾ ਸੀ। ਪਿੰਜਰਾ ਹਮੇਸ਼ਾਂ ਇਸੇ ਸੋਚ-ਵਿਚਾਰ ਵਿਚ ਰਹਿੰਦਾ ਸੀ ਕਿ ਕੀ ਮੈਂ ਬੇਕਾਰ ਵਿੱਚ ਹੀ ਪੰਛੀਆਂ ਨੂੰ ਛੱਡਦਾ ਰਿਹਾ ਸੀ? ਕੀ ਉਹਨਾਂ ਲਈ ਆਜ਼ਾਦੀ ਨਾਲ ਜਿਊਣਾ ਵਧੇਰੇ ਮੁਸ਼ਕਿਲ ਹੈ। ਉਸ ਨੂੰ ਇਹ ਸਵਾਲ ਹਮੇਸ਼ਾਂ ਝੰਝੋੜਦਾ ਰਹਿੰਦਾ ਸੀ।

ਫਿਰ ਇੱਕ ਦਿਨ ਤੋਤਾ ਕਿਸੇ ਦੂਸਰੇ ਆਦਮੀ ਨੂੰ ਦੇ ਦਿੱਤਾ ਗਿਆ ਅਤੇ ਖਾਲੀ ਹੋਏ ਉਸ ਪਿੰਜਰੇ ਵਿੱਚ ਇੱਕ ਘੁੱਗੀ ਨੂੰ ਬੰਦ ਕਰ ਦਿੱਤਾ ਗਿਆ।

ਸ਼ੈਤਾਨ ਕਿਤੋਂ ਦੇ! ਛੱਡ ਮੈਨੂੰ। – ਦਰਵਾਜਾ (ਖਿੜਕੀ) ਬੰਦ ਹੁੰਦੇ ਹੀ ਘੁੱਗੀ ਚੀਕਣ ਲੱਗੀ।

ਪਿੰਜਰਾ ਉਸ ਨੂੰ ਸਮਝਾਉਣ ਲੱਗਾ – ਹੌਸਲਾ ਰੱਖ ਪਗਲੀ। ਇਥੇ ਤੈਨੂੰ ਦਾਣਾ ਪਾਣੀ ਮਿਲੇਗਾ।

ਪਰ ਘੁੱਗੀ ਤਾਂ ਕੁੱਝ ਸੁਣਨਾ ਹੀ ਨਹੀਂ ਚਾਹੁੰਦੀ ਸੀ। ਉਸ ਨੇ ਤਾਂ ਬਸ ਛੱਡ ਦਿਉ ਮੈਨੂੰ, ਛੱਡ ਦਿਉ ਮੈਨੂੰ ...''ਦੀ ਹੀ ਰਟ ਲਗਾ ਰੱਖੀ ਸੀ।''

– ਮੈਨੂੰ ਲੱਗਦਾ ਹੈ ਇਹ ਘੁੱਗੀ ਜ਼ਿਆਦਾ ਅਕਲਮੰਦ ਨਹੀਂ ਹੈ। – ਖਿੜਕੀ ਨੇ ਖੁਲ੍ਹਦੇ ਹੋਏ ਕਿਹਾ।

ਪਿੰਜਰੇ ਨੇ ਇੱਕ ਡੂੰਘੀ ਸਾਹ ਲੈ ਕੇ ਤਾਰ ਫੈਲਾ ਦਿੱਤੇ। ਘੁੱਗੀ ਖੁਸ਼ੀ ਨਾਲ ਚਹਿਚਾਹੀ ਅਤੇ ਪਲਕ ਝਪਕਦੇ ਹੀ ਖਿੜਕੀ ਤੋਂ ਬਾਹਰ ਨਿਕਲ ਗਈ ਅਤੇ ਫੁਰਰ ਨਾਲ ਆਪਣੇ ਖੰਭ ਫੈਲਾ ਕੇ ਖੁਲ੍ਹੇ ਗਗਨ ਵਿੱਚ ਉਡ ਗਈ।

– ਥੋੜੀ ਦੇਰ ਬਾਅਦ ਪਿੰਜਰੇ ਨੇ ਖਿੜਕੀ ਨੂੰ ਕਿਹਾ – ਪਤਾ ਨਹੀਂ ਕਿਉਂ ਘੁੱਗੀ ਜੋ ਬਹੁਤ ਦੇਰ ਤਾਂ ਨਹੀਂ ਰਹੀ ਸੀ, ਫਿਰ ਵੀ ਮੈਨੂੰ ਚੰਗੀ ਲੱਗਣ ਲੱਗੀ ਸੀ।

ਖਿੜਕੀ ਨੇ ਜਵਾਬ ਦਿੱਤਾ – ਹਾਂ! ਮੈਨੂੰ ਵੀ।

ਗੁਲਾਮ ਦੀ ਤਰ੍ਹਾਂ ਪਿੰਜਰੇ ਵਿੱਚ ਬੰਦ ਰਹਿਣ ਵਾਲਿਆਂ ਨੂੰ ਆਜ਼ਾਦੀ ਦੀ ਜ਼ਿੰਦਗੀ ਕੀ ਹੁੰਦੀ ਹੈ। ਉਸ ਬਾਰੇ ਉਹ ਕੀ ਜਾਣਨ? ■

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ** : *ਜ਼ਿਆਦਾ ਉਚਾਈ ਤੇ ਉਡਦੇ ਹੋਏ ਪੰਛੀਆਂ ਦਾ ਪਰਛਾਵਾਂ ਧਰਤੀ ਤੇ ਕਿਉਂ ਨਹੀਂ ਪੈਂਦਾ ਹੈ?*

**ਉੱਤਰ** : ਸੂਰਜ ਪ੍ਰਕਾਸ਼ ਦਾ ਬਹੁਤ ਵੱਡਾ ਸਰੋਤ ਹੈ ਜਦਕਿ ਪੰਛੀ ਬਹੁਤ ਛੋਟੇ ਹੁੰਦੇ ਹਨ। ਪੰਛੀਆਂ ਦੀ ਘੱਟਦੀ ਹੋਈ ਪਰਛਾਈਂ ਅਤੇ ਵਧਦੀ ਹੋਈ ਉਪਪਰਛਾਈਂ ਬਣਦੀ ਹੈ। ਪੰਛੀਆਂ ਦੇ ਪ੍ਰਿਥਵੀ ਤੋਂ ਜ਼ਿਆਦਾ ਉਚਾਈ ਤੇ ਉਡੱਣ ਦੇ ਕਾਰਣ ਪਰਛਾਵਾਂ ਘੱਟ ਕੇ ਰਾਹ ਵਿੱਚ ਹੀ ਗਵਾਚ ਜਾਂਦਾ ਹੈ। ਉਪਪਰਛਾਈਂ ਜ਼ਿਆਦਾ ਵੱਡੀ ਲੇਕਿਨ ਬਹੁਤ ਹਲਕੀ ਹੋਣ ਦੇ ਕਾਰਣ ਦਿਖਾਈ ਨਹੀਂ ਦਿੰਦੀ। ਬਸ, ਇਹੀ ਕਾਰਣ ਹੈ ਕਿ ਜ਼ਿਆਦਾ ਉਚਾਈ ਤੇ ਉਡਦੇ ਹੋਏ ਪੰਛੀਆਂ ਦਾ ਪਰਛਾਵਾਂ ਪ੍ਰਿਥਵੀ ਤੇ ਨਹੀਂ ਪੈਂਦਾ।

**ਪ੍ਰਸ਼ਨ** : *ਬਿਜਲੀ ਦੇ ਬੱਲਬਾਂ ਵਿੱਚ ਪਤਲਾ ਤਾਰ ਕਿਉਂ ਵਰਤਿਆ ਜਾਂਦਾ ਹੈ?*

**ਉੱਤਰ** : ਬਿਜਲੀ ਦੇ ਬਲਬ ਦਾ ਉਹ ਗੁਣ ਜਿਸ ਰਾਹੀਂ ਬਿਜਲੀਧਾਰਾ ਦੇ ਪ੍ਰਵਾਹ ਦਾ ਵਿਰੋਧ ਕੀਤਾ ਜਾਂਦਾ ਹੈ, ਪ੍ਰਤੀਰੋਧ ਕਹਾਉਂਦਾ ਹੈ। ਪਤਲੇ ਤਾਰ ਦਾ ਪ੍ਰਤੀਰੋਧ ਜ਼ਿਆਦਾ ਹੁੰਦਾ ਹੈ ਜਦਕਿ ਮੋਟੇ ਤਾਰ ਦਾ ਘੱਟ। ਇਸ ਲਈ ਬਿਜਲੀ ਦੇ ਬੱਲਬਾਂ ਵਿੱਚ ਪਤਲਾ ਤਾਰ ਵਰਤਿਆ ਜਾਂਦਾ ਹੈ।

**ਪ੍ਰਸ਼ਨ** : *ਵਰਖਾ ਦੀਆਂ ਬੂੰਦਾਂ ਗੋਲ ਕਿਉਂ ਹੁੰਦੀਆਂ ਹਨ?*

**ਉੱਤਰ** : ਪਾਣੀ ਦੀ ਰਚਨਾ ਛੋਟੇ-ਛੋਟੇ ਅਣੂਆਂ ਨਾਲ ਮਿਲ ਕੇ ਹੁੰਦੀ ਹੈ। ਇਹ ਅਣੂ ਆਪਸ ਵਿੱਚ ਇੱਕ ਦੂਜੇ ਨੂੰ ਆਕਰਸ਼ਿਤ ਕਰਦੇ ਹਨ। ਇਸ ਆਕਰਸ਼ਣ ਦੇ ਕਾਰਣ ਪਾਣੀ ਸੁੰਘੜਦਾ ਹੈ ਅਤੇ ਸਥਾਨ ਵੀ ਘੱਟ ਘੇਰਦਾ ਹੈ। ਪ੍ਰਿਥਵੀ ਦੀ ਖਿੱਚ ਸ਼ਕਤੀ ਦੇ ਕਾਰਣ ਹੀ ਬੂੰਦਾਂ ਹੇਠਾਂ ਨੂੰ ਡਿੱਗਦੀਆਂ ਹਨ ਪ੍ਰੰਤੂ ਪਾਣੀ ਦੇ ਅਣੂ ਆਪਸ ਵਿੱਚ ਇੱਕਠੇ ਹੁੰਦੇ ਹਨ। ਇਸੇ ਵਜ੍ਹਾ ਨਾਲ ਬੂੰਦਾਂ ਗੋਲ ਆਕਾਰ ਲੈ ਲੈਂਦੀਆਂ ਹਨ।


**ਪ੍ਰਸ਼ਨ** : *ਸਾਈਕਲ ਦੇ ਟਾਇਰ ਖੁਰਦਰੇ ਕਿਉਂ ਹੁੰਦੇ ਹਨ?*

**ਉੱਤਰ** : ਜਦ ਇੱਕ ਤਲ ਦੂਸਰੇ ਤਲ ਤੇ ਗਤੀ ਕਰਦਾ ਹੈ ਤਾਂ ਉਸ ਗਤੀ ਦਾ ਵਿਰੋਧਕ-ਬਲ ਪੈਦਾ ਹੋ ਜਾਂਦਾ ਹੈ ਜਿਸ ਨੂੰ ਘਰਸ਼ਣ-ਬਲ ਕਹਿੰਦੇ ਹਨ। ਘਰਸ਼ਣ-ਬਲ ਜਿੰਨਾ ਜ਼ਿਆਦਾ ਹੁੰਦਾ ਹੈ, ਵਸਤੂ ਓਨੀ ਹੀ ਆਸਾਨੀ ਨਾਲ ਗਤੀ ਕਰ ਸਕਦੀ ਹੈ। ਸਾਈਕਲ ਦੇ ਟਾਇਰ ਇਸ ਲਈ ਖੁਰਦਰੇ ਬਣਾਏ ਜਾਂਦੇ ਹਨ ਤਾਂਕਿ ਘਰਸ਼ਣ-ਬਲ ਜ਼ਿਆਦਾ ਰਹੇ ਅਤੇ ਸਾਈਕਲ ਸਹੂਲਤਪੂਰਵਕ ਢੰਗ ਨਾਲ ਚਲੇ। ਖੁਰਦਰੇ ਤਲ ਤੇ ਘਰਸ਼ਣ ਸਮਤਲ ਦੀ ਬਜਾਏ ਜ਼ਿਆਦਾ ਰਹਿੰਦਾ ਹੈ। ■


# ਹੰਸਤੀ ਦੁਨੀਆ ਦੇ ਪ੍ਰੇਰਣਾ-ਸਰੋਤ

– ਵਿਮਲੇਸ਼ ਆਹੂਜਾ

ਉਹ ਪਲ, ਛਿਨ, ਮੈਨੂੰ ਅੱਜ ਵੀ ਰੋਮਾਂਚਿਤ ਕਰ ਰਿਹਾ ਹੈ। ਜਿਸ ਵਕਤ ਬਾਲ ਪਤ੍ਰਕਾ 'ਹੰਸਤੀ ਦੁਨੀਆ' ਦੀ ਘੁੰਡ ਚੁਕਾਈ ਨਿਰੰਕਾਰੀ ਬਾਬਾ ਗੁਰਬਚਨ ਸਿੰਘ ਜੀ ਮਹਾਰਾਜ ਨੇ ਅਕਤੂਬਰ 1973 ਵਿੱਚ ਕੀਤੀ। ਉਸ ਵਕਤ ਪਤ੍ਰਕਾ ਸਮੂਹ ਦੇ ਮੁੱਖ ਸੰਪਾਦਕ ਆਦਰਯੋਗ ਨਿਰਮਲ ਜੋਸ਼ੀ, ਦਾਦਾਸ਼੍ਰੀ ਜੇ.ਆਰ.ਡੀ. ਸਤਿਆਰਥੀ ਜੀ, ਗ਼ਾਲਿਬ ਕਵੀ ਮਾਨ ਸਿੰਘ ਜੀ 'ਮਾਨ', ਸ਼੍ਰੀ ਹਰਦੇਵ ਸਿੰਘ ਜੀ 'ਅਲਮਸਤ' ਅਤੇ ਹੰਸਤੀ ਦੁਨੀਆ ਦੇ ਸੰਪਾਦਕ ਵਿਨੈ ਜੋਸ਼ੀ ਜੀ ਅਤੇ ਭੁਪਿੰਦਰ ਬੇਕਲ ਜੀ ਦੇ ਨਾਲ-ਨਾਲ ਅਨੇਕਾਂ ਮਹਾਤਮਾ ਵੀ ਹਾਜ਼ਿਰ ਸਨ। ਮੈਂ ਖੁਦ ਇਹਨਾਂ ਮਹਾਨ ਵਿਭੂਤੀਆਂ ਦੇ ਵਿਚਕਾਰ ਮਾਣ ਮਹਿਸੂਸ ਕਰ ਰਿਹਾ ਸੀ। ਸਤਿਗੁਰੂ ਬਾਬਾ ਗੁਰਬਚਨ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ ਅਤੇ ਨਿਰੰਕਾਰੀ ਰਾਜਮਾਤਾ ਜੀ ਦੀ ਨਾਰੀ ਜਾਤੀ ਨੂੰ ਪ੍ਰੇਰਣਾ ਦੇ ਨਾਲ ਪਤ੍ਰਕਾ ਨੇ ਆਪਣਾ ਕੰਮ ਕਰਨਾ ਸ਼ੁਰੂ ਕੀਤਾ।



ਬੱਚਿਆਂ ਦਾ ਹਿਰਦਾ ਬੜਾ ਕੋਮਲ ਹੁੰਦਾ ਹੈ ਅਤੇ ਉਹਨਾਂ ਦੀ ਜਾਣਨ ਦੀ ਇੱਛਾ ਬੜੀ ਤੀਬਰ ਹੁੰਦੀ ਹੈ। ਉਹ ਦੂਸਰੇ ਨੂੰ ਵੇਖ ਕੇ ਉਸ ਦੀ ਨਕਲ ਵੀ ਛੇਤੀ ਕਰ ਲੈਂਦੇ ਹਨ। ਇਸ ਲਈ ਉਹਨਾਂ ਨੂੰ ਜੋ ਬਚਪਨ ਵਿੱਚ ਸਿਖਾਇਆ ਜਾਂਦਾ ਹੈ ਜਾਂ ਉਹ ਖੁਦ ਜੋ ਵੱਡਿਆਂ ਦੇ ਵਿਵਹਾਰ ਤੋਂ ਸਿੱਖਦੇ ਹਨ, ਉਹ ਉਸ ਨੂੰ ਹੀ ਆਪਣੇ ਜੀਵਨ ਵਿੱਚ ਢਾਲਣ ਲੱਗਦੇ ਹਨ। ਗਿੱਲੀ ਮਿੱਟੀ ਨੂੰ ਕੋਈ ਵੀ ਆਕਾਰ ਅਤੇ ਰੂਪ ਦਿੱਤਾ ਜਾ ਸਕਦਾ ਹੈ। ਲੇਕਿਨ ਮਿੱਟੀ ਸੁੱਕ ਜਾਣ ਦੇ ਬਾਦ ਉਸ ਵਿੱਚ ਤਬਦੀਲੀ ਕਰਨੀ ਅਸੰਭਵ ਜਿਹੀ ਹੋ ਜਾਂਦੀ ਹੈ। ਬਚਪਨ ਵਿੱਚ ਹੀ ਪਿਆਰ, ਆਦਰ, ਨਿਮਰਤਾ ਅਤੇ ਮਿੱਠੀ ਬੋਲਚਾਲ ਬੱਚਿਆਂ ਨੂੰ ਬਹੁਤ ਭਾਉਂਦੀ ਹੈ। ਉਸ ਸਮੇਂ ਉਹਨਾਂ ਵਿੱਚ ਅਜਿਹੇ ਸੰਸਕਾਰ ਪਾ ਦਿੱਤੇ ਜਾਣ ਜਿਨ੍ਹਾਂ ਨਾਲ ਉਹ ਆਪਣੇ ਆਤਮਵਿਸ਼ਵਾਸ ਨੂੰ ਜਗਾ ਸਕਣ, ਸਾਹਸੀ ਅਤੇ ਨਿਡੱਰ ਬਣ ਸਕਣ। ਸਮਾਜ ਵਿੱਚ ਚੇਤਨਤਾ ਦੇ ਨਾਲ ਜਿਉਂਦੇ ਹੋਏ ਆਪਣੇ ਫਰਜ਼ਾਂ ਨੂੰ ਨਿਭਾ ਸਕਣ ਅਰਥਾਤ ਉਹ ਚੰਗੇ ਵਿਅਕਤੀ ਦੇ ਨਾਲ-ਨਾਲ ਇੱਕ ਚੰਗੇ ਨਾਗਰਿਕ ਅਤੇ ਉਚੇ-ਸੁੱਚੇ ਚਰਿੱਤਰ ਦੇ ਮਾਲਿਕ ਵੀ ਬਣ ਸਕਣ। ਇਹਨਾਂ ਸਾਰੇ ਕੰਮਾਂ ਨੂੰ ਇੱਕ ਜੀਵਿੰਤ ਰੂਪ ਬੱਚਿਆਂ ਰਾਹੀਂ



ਸ੍ਰੀ ਭੁਪਿੰਦਰ 'ਬੇਕਲ'

ਹੀ ਪੂਰਾ ਕੀਤਾ ਜਾ ਸਕਦਾ ਹੈ ਜੋ ਕੱਲ ਦੇ ਭਵਿੱਖ ਦੇ ਨਿਰਮਾਤਾ ਹੋਣਗੇ। ਇਸ ਧਾਰਣਾ ਦੇ ਨਾਲ ਸ੍ਰੀ ਭੁਪਿੰਦਰ 'ਬੇਕਲ' ਜੀ ਅਤੇ ਸ੍ਰੀ ਵਿਨੈ ਜੋਸ਼ੀ ਨੂੰ ਸੰਪਾਦਕ ਦੀ ਸਾਂਝੀ ਜ਼ਿੰਮੇਵਾਰੀ ਸੌਂਪੀ ਗਈ।

ਭੁਪਿੰਦਰ ਬੇਕਲ ਨੂੰ 'ਬੇਕਲ ਜੀ' ਅਤੇ ਵਿਨੈ ਜੋਸ਼ੀ ਨੂੰ 'ਵਿਨੈ ਜੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਆਪ ਦੋਵੇਂ ਹਮਉਮਰ ਵੀ ਸਨ। ਇਹ ਦੋਵੇਂ ਅਧਿਆਤਮਿਕ ਜਗਤ ਵਿੱਚ ਉਚਾ ਸਥਾਨ ਰੱਖਦੇ ਸਨ। ਆਪ ਦੋਵੇਂ ਬੜੇ ਸੁਲਝੇ ਹੋਏ ਕਵੀ, ਲੇਖਕ, ਤੇਜ਼ਸਵੀ ਬੁਲਾਰੇ ਅਤੇ ਪ੍ਰਚਾਰਕ ਵੀ ਸਨ। ਇਹਨਾਂ ਨੇ ਅਨੇਕਾਂ ਕਿਤਾਬਾਂ ਲਿਖੀਆਂ ਵੀ ਅਤੇ ਅਨੇਕਾਂ ਕਿਤਾਬਾਂ ਦਾ ਸੰਪਾਦਨ ਵੀ ਕੀਤਾ। ਆਪ ਮਿੱਠੇ ਸੁਭਾਅ ਦੇ ਸਨ। ਸਾਰਿਆਂ ਦੀਆਂ ਸਮੱਸਿਆਵਾਂ ਸੁਣਨੀਆਂ ਅਤੇ ਹੱਲ ਕੱਢਣਾ ਇਹਨਾਂ ਦੇ ਵਿਅਕਤੀਤਵ ਦਾ ਮੁੱਖ ਮੰਤਵ ਬਣ ਚੁੱਕਾ ਸੀ।

ਭੁਪਿੰਦਰ 'ਬੇਕਲ' ਜੀ ਦਾ ਜਨਮ 4 ਜੂਨ 1950 ਨੂੰ ਕਾਨਪੁਰ ਖੇਤਰ ਵਿੱਚ ਹੋਇਆ। ਆਪ ਦੇ ਮਾਤਾ-ਪਿਤਾ ਅਤੇ ਪੂਰਾ ਪਰਿਵਾਰ ਨਿਰੰਕਾਰੀ ਮਿਸ਼ਨ ਨਾਲ ਜੁੜਿਆ ਹੋਇਆ ਸੀ। 'ਬੇਕਲ' ਜੀ ਬਚਪਨ ਤੋਂ ਹੀ ਮਿਹਨਤੀ, ਅਨੁਸ਼ਾਸਿਤ ਅਤੇ ਧਾਰਮਿਕ ਵਿਚਾਰਾਂ ਦੇ ਮਾਲਿਕ ਸਨ। ਆਪ ਕਰਮਯੋਗੀ, ਇਮਾਨਦਾਰ, ਹਰਮਨ ਪਿਆਰੇ ਬੇਕਲ ਦੇ ਨਾਮ ਨਾਲ ਜਾਣੇ ਜਾਂਦੇ ਸਨ। ਆਪ ਨੇ ਜਵਾਨੀ ਵਿੱਚ ਹੀ ਕਵਿਤਾਵਾਂ, ਲੇਖ, ਪ੍ਰੇਰਕ-ਪ੍ਰਸੰਗ ਲਿਖਣਾ ਸ਼ੁਰੂ ਕਰ ਦਿੱਤਾ ਸੀ। ਆਪ ਅਕਸਰ ਵਿਵੇਕਾਨੰਦ ਜੀ ਦਾ ਉਦਾਹਰਣ ਦਿੰਦੇ ਸਨ। ਜਿਸ ਵਿੱਚ ਉਹਨਾਂ ਨੇ ਕਿਹਾ ਸੀ – I need reformers who can reform themselves 'ਮੈਨੂੰ ਕੁੱਝ ਸਵੈ ਸੁਧਾਰਕ ਚਾਹੀਦੇ ਹਨ, ਜੋ ਖੁਦ ਆਪਣਾ ਸੁਧਾਰ ਕਰ ਸਕਣ'। ਇਸੇ ਸੰਦੇਸ਼ ਦੇ ਨਾਲ ਆਪ ਹੰਸਤੀ ਦੁਨੀਆ ਵਿੱਚ ਬੱਚਿਆਂ ਨੂੰ ਨੈਤਿਕਤਾ, ਸੇਵਾ, ਮਿੱਠਾ ਵਿਵਹਾਰ ਅਤੇ ਵੱਡਿਆਂ ਦਾ ਆਦਰ ਕਰਨ ਦੀ ਸਿਖਿਆ ਵੀ ਦਿੰਦੇ ਰਹੇ। ਹੰਸਤੀ ਦੁਨੀਆ ਦੀ ਸਜਾਵਟ ਅਤੇ ਰੂਪਰੇਖਾ ਨੂੰ ਨਿਖਾਰਣ ਵਿੱਚ ਆਪ ਦਾ ਪ੍ਰਿੰਟਿੰਗ ਟੈਕਨਾਲਜੀ ਦਾ ਅਨੁਭਵ ਬਹੁਤ ਕੰਮ ਆਇਆ। ਆਪ ਨੇ ਹੰਸਤੀ ਦੁਨੀਆ ਨੂੰ ਤ੍ਰੈਮਹੀਨੇ ਤੋਂ ਮਹੀਨਾਵਰ ਬਨਾਉਣ ਵਿੱਚ ਭਰਪੂਰ ਯਤਨ ਕੀਤਾ। ਆਪ ਸਜਾਵਟ ਕਲਾ ਵਿੱਚ ਮਾਹਿਰ ਸਨ।

ਆਪ ਇੱਕ ਬੈਂਕ ਅਧਿਕਾਰੀ ਦੇ ਰੂਪ ਵਿੱਚ ਵੀ ਕੰਮ ਕਰਦੇ ਸਨ ਪ੍ਰੰਤੂ ਆਪ ਨੇ ਨੌਜਵਾਨ ਸ਼ਕਤੀ ਨੂੰ ਦਿਸ਼ਾ ਦੇਣ ਲਈ ਕਈ ਕਾਨਫਰੰਸ ਅਤੇ ਸੈਮੀਨਾਰ ਵੀ ਕੀਤੇ। ਇਹਨਾਂ ਦੀ ਕਵਿਤਾ 'ਮਿਲਜੁਲ ਕਰ ਰਹੋ, ਏ ਭਾਈ ਮਿਲਜੁਲ ਕਰ ਰਹੋ' ਨੇ ਬਹੁਤ ਪ੍ਰਸਿੱਧੀ ਹਾਸਿਲ ਕੀਤੀ। ਆਪ ਅਨੇਕਾਂ ਹੋਰ ਵਿਭਾਗਾਂ ਵਿੱਚ ਵੀ ਕੰਮ ਕਰਦੇ ਰਹੇ। ਆਪ ਹੰਸਤੀ ਦੁਨੀਆ ਦੇ ਨਾਲ-ਨਾਲ 'ਸੰਤ ਨਿਰੰਕਾਰੀ ਹਿੰਦੀ' ਵਿੱਚ ਵੀ ਸਹਿਯੋਗ ਦਿੰਦੇ ਰਹੇ। 1983 ਵਿੱਚ ਆਪ ਨੂੰ 'ਸੰਤ ਨਿਰੰਕਾਰੀ' ਹਿੰਦੀ ਦਾ ਸੰਪਾਦਕ ਬਣਾ ਦਿੱਤਾ ਗਿਆ। ਉਸੇ ਦਿਨ ਤੋਂ ਵਿਨੈ ਜੋਸ਼ੀ ਜੀ ਨੂੰ ਹੰਸਤੀ ਦੁਨੀਆਂ ਦੀ ਪੂਰੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਅਤੇ ਵਿਮਲੇਸ਼ ਆਹੂਜਾ ਨੂੰ ਸਹਾਇਕ ਸੰਪਾਦਕ ਬਣਾ ਦਿੱਤਾ।

ਵਿਨੈ ਜੋਸ਼ੀ ਜੀ ਦਾ ਜਨਮ 18 ਸਤੰਬਰ 1950 ਨੂੰ ਨਿਰੰਕਾਰੀ ਮਿਸ਼ਨ ਦੇ ਵਿਦਵਾਨ, ਪ੍ਰਸਿੱਧ ਬੁਲਾਰੇ ਸ੍ਰੀ ਨਿਰਮਲ ਜੋਸ਼ੀ ਦੇ ਘਰ ਹੋਇਆ। ਵਿਨੈ ਜੀ ਅਕਸਰ ਸਰਲ, ਸਹਿਜ ਅਤੇ ਚੇਤੰਨ ਰਹਿਣ ਦਾ ਸੰਦੇਸ਼ ਵੀ ਦਿੰਦੇ ਸਨ ਅਤੇ ਇਸੇ ਤਰ੍ਹਾਂ ਦਾ ਜੀਵਨ ਵੀ ਜਿਉਂਦੇ ਸਨ। ਆਪ ਇੱਕ ਅਧਿਆਪਕ ਦੇ ਰੂਪ ਵਿੱਚ ਸਕੂਲ ਵਿੱਚ ਪੜ੍ਹਾਉਂਦੇ ਰਹੇ। ਇਹਨਾਂ ਨੂੰ ਪੜ੍ਹਾਈ ਦੇ ਖੇਤਰ ਵਿੱਚ ਯੋਗਦਾਨ ਲਈ 'ਸਕੂਲ ਰਤਨ ਅਵਾਰਡ' ਨਾਲ ਵੀ ਸਨਮਾਨਿਤ


ਵਿਨੈ ਜੋਸ਼ੀ ਜੀ

ਕੀਤਾ ਗਿਆ। ਆਪ ਹੰਸਤੀ ਦੁਨੀਆ ਪਤ੍ਰਕਾ ਦੇ ਮਾਧਿਅਮ ਨਾਲ ਬਾਲ ਸਾਹਿਤ ਨੂੰ ਇੱਕ ਨਵੀਂ ਉਚਾਈ ਤਕ ਲੈ ਕੇ ਗਏ। ਇਹਨਾਂ ਰਾਹੀਂ ਲਿਖੇ ਗਏ ਸੰਪਾਦਕੀ, 'ਸਭ ਤੋਂ ਪਹਿਲਾਂ' ਦੇ ਲੇਖ ਬੱਚਿਆਂ ਵਿੱਚ ਅਧਿਆਤਮ ਅਤੇ ਨੈਤਿਕ ਸਿਖਿਆ ਦਾ ਅਧਾਰ ਬਣੇ। ਇਸੇ ਪਤ੍ਰਕਾ ਵਿੱਚ ਆਪ ਦਾ ਇੱਕ ਲੜੀਵਾਰ 'ਜੰਗਲ ਦਾ ਭੂਤ' ਬਹੁਤ ਮਨਮੋਹਕ ਅਤੇ ਸਰਾਹੁਣਯੋਗ ਰਿਹਾ। ਇਹਨਾਂ ਨੂੰ ਹੰਸਤੀ ਦੁਨੀਆ ਵਿੱਚ 'ਬੜੇ ਭਾਈ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ ਕਿਉਂਕਿ ਆਪ ਉਸ ਵਿੱਚ ਬੱਚਿਆਂ ਦੇ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੀ ਹੀ ਭਾਸ਼ਾ ਵਿੱਚ ਦਿੰਦੇ ਸਨ ਜੋ ਉਹਨਾਂ ਨੂੰ ਅਸਾਨੀ ਨਾਲ ਸਮਝ ਆ ਸਕਣ। ਆਪ ਨੇ ਛੋਟੀਆਂ-ਛੋਟੀਆਂ ਕਹਾਣੀਆਂ ਦੇ ਮਾਧਿਅਮ ਨਾਲ ਜੀਵਨ ਜਿਉਣ ਦਾ ਸੰਦੇਸ਼ ਦਿੱਤਾ, ਜਿਸ ਨੂੰ ਬੱਚੇ ਆਪਣੇ ਜੀਵਨ ਵਿੱਚ ਢਾਲ ਸਕਣ। ਆਪ ਦੇ ਅਨੇਕਾਂ ਪ੍ਰੇਰਕ-ਪ੍ਰਸੰਗ, ਲੇਖ, ਕਵਿਤਾਵਾਂ ਕੇਵਲ ਬੱਚਿਆਂ ਨੂੰ ਹੀ ਨਹੀਂ ਨੌਜਵਾਨਾਂ ਅਤੇ ਅਧੇੜਉਮਰ ਵਾਲਿਆਂ ਨੂੰ ਵੀ ਵਿਨੈਸ਼ੀਲਤਾ, ਸਰਲਤਾ, ਸਹਿਜਤਾ ਅਤੇ ਚੇਤੰਨਤਾ ਦਾ ਪਾਠ ਪੜਾਉਂਦੇ ਸਨ। ਆਪ 28 ਅਗਸਤ 2013 ਨੂੰ ਇਸ ਦੇਹ ਤੋਂ ਵਿਦੇਹੀ ਹੋ ਕੇ ਨਿਰੰਕਾਰ ਵਿੱਚ ਲੀਨ ਹੋ ਗਏ। ਉਸ ਸਮੇਂ ਤੋਂ ਸੰਪਾਦਕ ਦੀ ਸੇਵਾ ਵਿਮਲੇਸ਼ ਆਹੂਜਾ ਨੂੰ ਅਤੇ ਸਹਾਇਕ ਸੰਪਾਦਕ ਦੀ ਸੇਵਾ ਸੁਭਾਸ਼ਚੰਦਰ ਜੀ ਨੂੰ ਸੌਂਪੀ ਗਈ। ■



# ਰੁੱਖ ਲਗਾਉ ਮਿਲ ਕੇ ਸਾਰੇ

– ਨੇਹਾ ਗੌਤਮ

ਤੇਜ਼ ਧੁੱਪ ਜਦ ਆਉਂਦੀ ਹੈ,
ਸਰੀਰ ਬੜਾ ਝੁਲਸਾਉਂਦੀ ਹੈ।
ਰੁੱਖਾਂ ਦੀ ਛਾਂ ਪਾ ਕੇ,
ਹਰ ਰਾਹਤ ਮਿਲ ਜਾਂਦੀ ਹੈ।

ਰੁੱਖ ਸਾਨੂੰ ਦਿੰਦੇ ਹਨ ਫਲ,
ਛਾਂ ਦਿੰਦੇ ਹਨ ਹਰ ਪਲ।
ਆਕਸੀਜਨ ਵੀ ਦਿੰਦੇ ਹਨ,
ਭੇਦ ਨਹੀਂ ਕਰਦੇ ਬਿਲਕੁਲ।

ਰੁੱਖ ਲਗਾਈਏ ਮਿਲ ਕੇ ਸਾਰੇ,
ਕੋਈ ਵੱਢੇ ਨਾ ਇਹਨਾਂ ਨੂੰ ਹੁਣ।
ਰੁੱਖ ਨਾ ਹੋਣਗੇ ਇਥੇ ਜੇਕਰ,
ਸਭ ਕੁੱਝ ਹੋਵੇਗਾ ਬੇਮਤਲਬ।

ਬਚੇਗਾ ਜਦ ਇਹ ਵਾਤਾਵਰਣ,
ਹੋਵੇਗਾ ਧਰਤੀ ਤੇ ਜੀਵਨ।
ਹਰੀ-ਭਰੀ ਹੋਵੇਗੀ ਧਰਤੀ,
ਖੁਸ਼ੀਆਂ ਹੋਣਗੀਆਂ ਹਰ ਘਰ।





# ਪਿੰਕੀ ਬਦਲ ਗਈ

– ਪ੍ਰਿਤਪਾਲ ਸਾਦਿਕ

ਪਿੰਕੀ ਦਾ ਪਰਿਵਾਰ ਗਰੀਬ ਸੀ। ਉਸ ਦੇ ਪਾਪਾ ਮਜ਼ਦੂਰੀ ਕਰਦੇ ਸਨ।

ਪਿੰਕੀ ਸਰਕਾਰੀ ਸਕੂਲ ਵਿੱਚ ਰੋਜ਼ ਪੜ੍ਹਨ ਜਾਂਦੀ ਸੀ। ਉਹ ਅੱਠਵੀਂ ਜਮਾਤ ਦੀ ਵਿਦਿਆਰਥਣ ਸੀ। ਉਹ ਖੂਬ ਮਨ ਲਗਾ ਕੇ ਪੜ੍ਹਦੀ ਸੀ। ਉਸ ਦੇ ਪਾਪਾ ਪਿੰਕੀ ਨੂੰ ਸਕੂਲ ਜਾਣ ਲਈ ਦਸ ਰੁਪਏ ਦਿੰਦੇ ਸਨ।

ਪਿੰਕੀ ਦਸ ਰੁਪਏ ਰੋਜ਼ ਚਟ ਕਰ ਜਾਂਦੀ। ਬਸ ਕੁੱਝ ਚਟਰ-ਪਟਰ ਖਾਣ ਵਿੱਚ ਸਾਰੇ ਪੈਸੇ ਉਡ ਜਾਂਦੇ।

ਇੱਕ ਦਿਨ ਪਿੰਕੀ ਦੇ ਪੇਟ ਵਿੱਚ ਤੇਜ਼ ਦਰਦ ਹੋਇਆ। ਉਸ ਦੇ ਮੰਮੀ-ਪਾਪਾ ਉਸ ਨੂੰ ਨੇੜਲੇ ਹਸਪਤਾਲ ਲੈ ਕੇ ਗਏ। ਡਾਕਟਰ ਨੇ ਕਿਹਾ- ਪਿੰਕੀ ਦੀ ਹਾਲਤ ਖਰਾਬ ਹੈ। ਇਸ ਨੂੰ ਭਰਤੀ ਕਰਾਉਣਾ ਪਏਗਾ। ਮਜ਼ਬੂਰਨ ਉਸ ਨੂੰ ਭਰਤੀ ਕਰਾਉਣਾ ਪਿਆ। ਡਾਕਟਰ ਨੇ ਪਿੰਕੀ ਦੀ ਜਾਂਚ ਕੀਤੀ ਅਤੇ ਬੋਲੇ ਪਿੰਕੀ ਦੇ ਪੇਟ ਵਿੱਚ ਇੰਨਫੈਕਸ਼ਨ ਹੋਇਆ ਹੈ।

ਪਿੰਕੀ ਦੇ ਪਾਪਾ ਤਦ ਹੈਰਾਨੀ ਨਾਲ ਬੋਲੇ – ਇਹ ਕਿਵੇਂ ਹੋਇਆ ਡਾਕਟਰ ਸਾਹਿਬ?

ਡਾਕਟਰ ਬੋਲੇ – ਬਾਹਰ ਦੇ ਚਟਪਟੇ ਖਾਣੇ ਖਾਣ ਨਾਲ।



ਇਹ ਸੁਣ ਕੇ ਪਾਪਾ ਨੇ ਪਿੰਕੀ ਵੱਲ ਹੈਰਾਨੀ ਨਾਲ ਵੇਖਿਆ ਤਾਂ ਪਿੰਕੀ ਨੇ ਹੰਝੂ ਕੇਰਦੇ ਹੋਏ ਕਿਹਾ – ਸੋਰੀ ਪਾਪਾ।

ਜਦ ਉਥੋਂ ਡਾਕਟਰ ਚਲੇ ਗਏ ਤਾਂ ਮਾਂ ਪਿੰਕੀ ਨੂੰ ਝਿੜਕਦੇ ਹੋਏ ਕਿਹਾ – ''ਮੈਂ ਇਸ ਲੜਕੀ ਨੂੰ ਹਮੇਸ਼ਾਂ ਸਮਝਾਉਂਦੀ ਸੀ ਕਿ ਬੇਟੀ ਬਾਹਰ ਦੀਆਂ ਚਟਰ-ਪਟਰ ਚੀਜ਼ਾਂ ਨਾ ਖਾ। ਪਰ ਇਹ ਸ਼ੈਤਾਨ ਲੜਕੀ ਕਦੇ ਨਹੀਂ ਮੰਨਦੀ ਸੀ। ਇੱਕ ਤਾਂ ਗਰੀਬੀ ਵਿੱਚ ਘਰ ਚਲਾਉਣਾ ਮੁਸ਼ਕਿਲ, ਹੁਣ ਇਸ ਦੇ ਇਲਾਜ਼ ਲਈ ਅਸੀਂ ਕਿਥੋਂ ਪੈਸਾ ਲਿਆਵਾਂਗੇ।'' ਸਿਰ ਤੇ ਹੱਥ ਰੱਖ ਕੇ ਮੰਮੀ ਸੋਚ ਵਿੱਚ ਬੈਠ ਗਈ।

ਪਾਪਾ ਬੋਲੇ – ਕਰਜ ਹੀ ਲੈਣਾ ਪਏਗਾ।

ਹੁਣ ਪਿੰਕੀ ਤੋਂ ਰਿਹਾ ਨਾ ਗਿਆ। ਉਹ ਰੋਂਦੇ ਹੋਏ ਬੋਲੀ- ''ਪਾਪਾ ਮੈਂ ਕੰਨ ਫੜ ਕੇ ਸਹੁੰ ਖਾਂਦੀ ਹਾਂ ਕਿ ਹੁਣ ਕਦੇ ਬਾਹਰ ਦੀਆਂ ਚਟਪਟੀਆਂ ਚੀਜ਼ਾਂ ਨਹੀਂ ਖਾਵਾਂਗੀ। ਤੁਸੀਂ ਜੋ ਪੈਸੇ ਦਿੰਦੇ ਹੋ ਉਹਨਾਂ ਨੂੰ ਆਪਣੀ ਗੁਲਕ ਵਿੱਚ ਹੁਣ ਰੋਜ਼ ਜੋੜਾਂਗੀ ਅਤੇ ਇੱਕਠਾ ਕਰਕੇ ਆਪਣੀ ਦਵਾਈ ਦਾ ਕਰਜਾ ਉਤਾਰ ਦੇਵਾਂਗੀ।'' ਫਿਰ ਗੰਭੀਰ ਹੋ ਕੇ ਬੋਲੀ – ''ਮੈਂ ਜਦ ਵੱਡੀ ਹੋ ਜਾਵਾਂਗੀ ਪਾਪਾ, ਤਾਂ ਕੰਪੀਟੀਸ਼ਨ ਦੀ ਖ਼ੂਬ ਤਿਆਰੀ ਕਰਕੇ ਨੌਕਰੀ ਤੇ ਜਾਊਂਗੀ। ਫਿਰ ਸਾਰਾ ਕਰਜਾ ਚੁਕਾ ਦੇਵਾਂਗੀ। ਇਹ ਮੇਰਾ ਪੱਕਾ ਵਾਅਦਾ ਹੈ। ਮੈਂ ਖ਼ੂਬ ਮਨ ਲਗਾ ਕੇ ਪੜ੍ਹਾਈ ਕਰਾਂਗੀ, ਪਰ ਪਾਪਾ ਪਲੀਜ਼ ਇਸ ਵਾਰ ਮੈਨੂੰ ਮਾਫ਼ ਕਰ ਦਿਉ।''

ਮੰਮੀ-ਪਾਪਾ ਉਸ ਦੇ ਸਾਫ਼ ਮਨ ਦੀਆਂ ਗੱਲਾਂ ਸੁਣ ਕੇ ਬਹੁਤ ਭਾਵੁਕ ਹੋ ਗਏ। ਦੋਵਾਂ ਦੀਆਂ ਅੱਖਾਂ ਭਰ ਆਈਆਂ। ਆਪਣੀ ਬੇਟੀ ਨੂੰ ਗਲ ਨਾਲ ਲਾ ਕੇ ਕਿਹਾ- ਮੇਰੀ ਬੇਟੀ ਸਭ ਤੋਂ ਪਿਆਰੀ। ਸਭ ਤੋਂ ਚੰਗੀ। ■




ਇੱਕ ਕੀੜੀ ਤੇਜ਼ੀ ਨਾਲ ਦੌੜਦੀ ਹੋਈ ਹਸਪਤਾਲ ਵੱਲ ਜਾ ਰਹੀ ਸੀ।

ਦੂਸਰੀ ਕੀੜੀ ਨੇ ਉਸ ਨੂੰ ਪੁੱਛਿਆ –

ਭੈਣ! ਐਨੀ ਤੇਜ਼ੀ ਨਾਲ ਕਿਥੇ ਭੱਜੀ ਜਾ ਰਹੀ ਹੋ?

ਪਹਿਲੀ ਕੀੜੀ ਬੋਲੀ –

ਹਾਥੀ ਦਾ ਐਕਸੀਡੈਂਟ ਹੋ ਗਿਆ ਹੈ ਉਸ ਨੂੰ ਖ਼ੂਨ ਦੀ ਲੋੜ ਹੈ, ਖ਼ੂਨ ਦੇਣ ਜਾ ਰਹੀ ਹਾਂ।

---

ਦੀਪਾ : (ਪਾਪਾ ਨੂੰ) ਪਾਪਾ, ਇੱਕ ਆਦਮੀ ਬਹੁਤ ਦੇਰ ਤੋਂ ਦਸ ਰੁਪਏ ਮੰਗ ਰਿਹਾ ਹੈ?

ਪਾਪਾ : ਦਸ ਰੁਪਏ? ਲੇਕਿਨ ਉਹ ਦਸ ਰੁਪਏ ਕਿਉਂ ਮੰਗ ਰਿਹਾ ਹੈ?

ਦੀਪਾ : ਉਹ ਕਹਿ ਰਿਹਾ ਹੈ, ਦਸ ਰੁਪਏ ਦਿਉ ਅਤੇ ਕੁਲਫ਼ੀ ਲਉ।

– ਆਨੰਦ ਪ੍ਰਕਾਸ਼

ਥਾਣੇਦਾਰ : (ਚੋਰ ਨੂੰ) ਤੂੰ ਚੋਰੀ ਕਿਉਂ ਕੀਤੀ?

ਚੋਰ : ਕਿਉਂ ਨਾ ਕਰਦਾ ਸਰ।

ਥਾਣੇਕਾਰ : ਇਸ ਦਾ ਕੀ ਮਤਲਬ ਹੈ?

ਚੋਰ : ਸਰ ਦਰਵਾਜੇ ਦੇ ਬਾਹਰ ਲਿਖਿਆ ਸੀ– 'ਸ਼ੁਭ ਸੁਆਗਤ'।

---

ਕਿਰਾਏਦਾਰ :

ਕੀ ਛੱਤ ਤੋਂ ਹਮੇਸ਼ਾਂ ਪਾਣੀ ਟਪਕਦਾ ਹੈ?

ਮਾਕਨ ਮਾਲਿਕ :

ਨਹੀਂ ਜਨਾਬ, ਸਿਰਫ ਵਰਖਾ ਦੇ ਦਿਨਾਂ ਵਿੱਚ ਹੀ ਟਪਕਦਾ ਹੈ।

– ਸੋਨੀ

ਇੱਕ ਵਿਅਕਤੀ ਹੋਟਲ ਵਿੱਚ ਭੋਜਨ ਕਰਨ ਲਈ ਪਹੁੰਚਿਆ।

ਵੇਟਰ :ਸਾਹਿਬ! ਇਥੇ ਤੁਹਾਨੂੰ ਬਿਲਕੁਲ ਘਰ ਵਰਗਾ ਹੀ ਭੋਜਨ ਮਿਲੇਗਾ।

ਵਿਅਕਤੀ :ਤਾਂ ਫਿਰ ਮੈਂ ਘਰ ਜਾ ਕੇ ਭੋਜਨ ਕਰ ਲਵਾਂਗਾ।

– ਅਮਿਤ

ਬੱਚਾ ਪਸੀਨੇ ਨਾਲ ਭਿੱਜਿਆ ਹੋਇਆ ਘਰ ਪਹੁੰਚਿਆਂ ਤਾਂ ਕਮਰੇ ਦੇ ਅੰਦਰ ਆਉਣ ਦੀ ਬਜਾਏ ਬਾਹਰ ਧੁੱਪ ਵਿੱਚ ਖੜਾ ਹੋ ਗਿਆ ਤਾਂ ਮਾਂ ਨੇ ਪੁੱਛਿਆ –

ਬੇਟਾ, ਤੂੰ ਧੁੱਪ ਵਿੱਚ ਕਿਉਂ ਖੜਾ ਹੈ?

ਬੱਚਾ ਬੋਲਿਆ –

ਮਾਂ ਮੈਂ ਆਪਣਾ ਪਸੀਨਾ ਸੁਕਾ ਰਿਹਾ ਹਾਂ।

---

ਹੋਟਲ ਮੈਨੇਜਰ : ਜਨਾਬ! ਮੈਂ ਤੁਹਾਨੂੰ ਕਹਿ ਦਿੱਤਾ ਕਿ ਸਾਡੇ ਕੋਲ ਕਮਰਾ ਖਾਲੀ ਨਹੀਂ ਹੈ। ਆਪ ਜਾ ਸਕਦੇ ਹੋ।

ਪ੍ਰੇਸ਼ਾਨ ਯਾਤਰੀ : ਜੇਕਰ ਪ੍ਰਧਾਨਮੰਤਰੀ ਆ ਜਾਏ ਤਾਂ ਤੁਸੀਂ ਉਹਨਾਂ ਨੂੰ ਕਮਰਾ ਦੇ ਦਿਉਗੇ?

ਮੈਨੇਜਰ : ਕਿਉਂ ਨਹੀਂ।

ਯਾਤਰੀ : ਤਾਂ ਫਿਰ ਮੈਨੂੰ ਉਹਨਾਂ ਦਾ ਕਮਰਾ ਦੇ ਦਿਉ, ਉਹ ਨਹੀਂ ਆ ਰਹੇ।

– ਗੁਰਮੀਤ ਸਿੰਘ

---

ਇੱਕ ਨੇਤਾ : (ਆਪਣੇ ਸਾਥੀਆਂ ਨੂੰ) ਸਾਨੂੰ ਕਦੇ ਵੀ ਪਿੱਛੇ ਨਹੀਂ ਹੱਟਣਾ ਚਾਹੀਦਾ।

ਨੇਤਾ : (ਦੂਸਰੇ ਦਿਨ ਆਪਣੇ ਇੱਕ ਸਾਥੀ ਨੂੰ) ਕਿਉਂ ਚਿੰਬੜ ਕੇ ਖੜੇ ਹੋ ਜਰਾ ਪਿੱਛੇ ਹਟੋ।

ਸਾਥੀ : ਨਹੀਂ।

ਨੇਤਾ : ਕਿਉਂ ਨਹੀਂ?

ਸਾਥੀ : ਤੁਸੀਂ ਹੀ ਤਾਂ ਕਿਹਾ ਸੀ ਕਦੇ ਵੀ ਪਿੱਛੇ ਨਾ ਹਟੋ।

– ਰਵਨੀਤ ਸਿੰਘ

---

ਭਿਖਾਰੀ : ਭਗਵਾਨ ਲਈ ਅੰਨ੍ਹੇ ਭਿਖਾਰੀ ਨੂੰ ਕੁੱਝ ਦੇ ਦਿਉ ਬਾਬਾ।

ਰਾਹਗੀਰ : ਭੀਖ ਤਾਂ ਦੇ ਦੇਵਾਂ ਪਰ ਕਿਵੇਂ ਮੰਨਾਂ ਕਿ ਤੂੰ ਅੰਨ੍ਹਾ ਹੈ?

ਭਿਖਾਰੀ : ਸਾਹਿਬ ਕੀ ਸਾਹਮਣੇ ਵਾਲੇ ਲਾਲ ਮਕਾਨ ਦੀ ਛੱਤ ਤੇ ਬੈਠਾ ਸਫੈਦ ਕਬੂਤਰ ਤੁਹਾਨੂੰ ਦਿਸ ਰਿਹਾ ਹੈ?

ਰਾਹਗੀਰ : ਹਾਂ, ਮੈਨੂੰ ਤਾਂ ਦਿਸ ਰਿਹਾ ਹੈ।

ਭਿਖਾਰੀ : ਲੇਕਿਨ ਉਹ ਕਬੂਤਰ ਮੈਨੂੰ ਦਿਖਾਈ ਨਹੀਂ ਦੇ ਰਿਹਾ ਹੈ।

– ਗੁਰਵਿੰਦਰ ਸਿੰਘ



# ਵਾਤਾਵਰਣ ਬਚਾਉ

– ਹਰਜੀਤ ਨਿਰੰਕਾਰੀ

ਖਤਰੇ ਵਿੱਚ ਹਨ ਜੰਗਲੀ ਜੀਵ ਸਭ,
ਮਿਲ ਕੇ ਇਹਨਾਂ ਨੂੰ ਬਚਾਉ,
ਵਾਤਾਵਰਣ ਬਚਾਉ, ਵਾਤਾਵਰਣ ਬਚਾਉ।

ਰੁੱਖ ਨਾ ਵੱਡੋ ਰੁੱਖ ਲਗਾਉ।
ਜੰਗਲ ਹਨ ਕੀਮਤੀ ਇਹਨਾਂ ਨੂੰ ਬਚਾਉ।
ਜੰਗਲ ਦਿੰਦੇ ਹਨ ਆਕਸੀਜਨ,
ਨਾ ਅੱਗ ਲਗਾਉ।
ਵਾਤਾਵਰਣ ਬਚਾਉ, ਵਾਤਾਵਰਣ ਬਚਾਉ।

ਪੰਛੀ ਰੁੱਖਾਂ ਤੇ ਹਨ ਰਹਿੰਦੇ।
ਮਿੱਠੇ ਫਲ ਇਹ ਖਾਂਦੇ ਰਹਿੰਦੇ।
ਘਰ ਨਾ ਇਹਨਾਂ ਦੇ ਕਦੇ ਉਜਾੜੋ,
ਅਤੇ ਨਾ ਸਤਾਉ।
ਵਾਤਾਵਰਣ ਬਚਾਉ, ਵਾਤਾਵਰਣ ਬਚਾਉ।

ਜੰਗਲ ਆਪਣੇ ਆਪ ਉਗਣਗੇ।
ਰੁੱਖ ਪੌਦੇ, ਫਲ ਫੁੱਲ ਵਧਣਗੇ।
ਕੋਇਲ ਕੂਕੇ ਮੈਨਾ ਗਾਏ,
ਹਰਿਆਲੀ ਫੈਲਾਉ।
ਵਾਤਾਵਰਣ ਬਚਾਉ, ਵਾਤਾਵਰਣ ਬਚਾਉ।

ਸਮੇਂ ਤੇ ਧੁੱਪ ਸਮੇਂ ਤੇ ਵਰਖਾ।
ਕੁਦਰਤ ਦਾ ਰੂਪ ਨਿਖਰੇਗਾ।
ਹਰੀ ਚਾਦਰ ਲਏ ਧਰਤੀ,
ਵੇਖ-ਵੇਖ ਹਰਸ਼ਾਉ।
ਵਾਤਾਵਰਣ ਬਚਾਉ, ਵਾਤਾਵਰਣ ਬਚਾਉ।

# ਸਾਧਾਰਨ ਗਿਆਨ ਪ੍ਰਸ਼ਨੋਤਰੀ



*(ਸਭ ਸਵਾਲਾਂ ਦੇ ਜੁਵਾਬ 'ਨ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)*

ਪ੍ਰਸ਼ਨ (1) ਕਿਸ ਪਾਂਡਵ ਦੇ ਧਨੁਸ਼ ਦਾ ਨਾਮ ਗਾਂਡੀਵ ਸੀ?

ਪ੍ਰਸ਼ਨ (2) ਗਣਗੌਰ ਕਿਸ ਭਾਰਤੀ ਰਾਜ ਦਾ ਉਤਸਵ ਹੈ?

ਪ੍ਰਸ਼ਨ (3) ਈਰਾਨ ਦੇਸ਼ ਦੀ ਰਾਜਧਾਨੀ ਦਾ ਕੀ ਨਾਮ ਹੈ?

ਪ੍ਰਸ਼ਨ (4) ਰਾਜਾ ਦਸ਼ਰਥ ਦਾ ਸਭ ਤੋਂ ਛੋਟਾ ਪੁੱਤਰ ਕੌਣ ਸੀ?

ਪ੍ਰਸ਼ਨ (5) ਰਾਸ਼ਟਰਪਤੀ ਭਵਨ ਵਿਚ ਰਹਿਣ ਵਾਲੇ ਪਹਿਲੇ ਵਾਇਸਰਾਏ ਕੌਣ ਸਨ?

ਪ੍ਰਸ਼ਨ (6) ਭਗਵਾਨ ਵਿਸ਼ਣੂ ਦੇ ਕਿਸ ਅਵਤਾਰ ਨੇ ਤਿੰਨ ਕਦਮਾਂ ਵਿਚ ਤਿੰਨਾਂ ਲੋਕਾਂ ਨੂੰ ਨਾਪ ਲਿਆ ਸੀ?

ਪ੍ਰਸ਼ਨ (7) ਕਿਸ ਗੈਸ ਨੂੰ ਮਨੁੱਖਾਂ ਦੇ ਲਈ ਜੀਵਨਦਾਈ ਗੈਸ ਕਿਹਾ ਜਾਂਦਾ ਹੈ?

ਪ੍ਰਸ਼ਨ (8) ਸਵਾਮੀ ਵਿਵੇਕਾਨੰਦ ਨੇ ਕਿਸ ਮਿਸ਼ਨ ਦੀ ਸਥਾਪਨਾ ਕੀਤੀ ਸੀ?

ਪ੍ਰਸ਼ਨ (9) ਭਾਰਤ ਦਾ ਸਰਵਉਚ ਖੇਡ ਸਨਮਾਨ ਕਿਹੜਾ ਹੈ?

ਪ੍ਰਸ਼ਨ (10) ਭਾਰਤ ਦਾ ਉਪ-ਰਾਸ਼ਟਰਪਤੀ ਬਣਨ ਦੇ ਬਾਦ ਰਾਸ਼ਟਰਪਤੀ ਬਣਨ ਵਾਲੇ ਪਹਿਲੇ ਵਿਅਕਤੀ ਦਾ ਕੀ ਨਾਮ ਸੀ?

ਪ੍ਰਸ਼ਨ (11) ਪ੍ਰਾਚੀਨ ਯੂਨੀਵਰਸਿਟੀ ਤਖਸ਼ਿਲਾ ਵਰਤਮਾਨ ਵਿਚ ਕਿਸ ਦੇਸ਼ ਵਿਚ ਹੈ?


ਪ੍ਰਸ਼ਨ (12) ਭਾਰਤ ਰਤਨ ਸਨਮਾਨ ਲੈਣ ਵਾਲਾ ਪਹਿਲਾ ਵਿਦੇਸ਼ੀ ਕੌਣ ਸੀ?

ਪ੍ਰਸ਼ਨ (13) ਜਵਾਹਰ ਲਾਲ ਨਹਿਰੂ ਦੇ ਦਿੱਲੀ ਅੰਦਰ ਅਧਿਕਾਰਿਕ ਨਿਵਾਸ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ (14) ਸ਼੍ਰੀ ਲੰਕਾ ਦਾ ਪੁਰਾਣਾ ਨਾਮ ਕੀ ਸੀ?

ਪੇਸ਼ਕਸ਼: ਵਿਕਾਸ ਅਰੋੜਾ

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

**ਚਿੱਤਰਕਾਰ ਅਤੇ ਲੇਖਕ**
**– ਅਜੈ ਕਾਲਰਾ**







ਮੈਂ ਨਿੰਮ ਦਾ ਪੌਦਾ ਲਿਆ ਹੈ, ਇਹ ਬਹੁਤ ਹੀ ਗੁਣਕਾਰੀ ਹੁੰਦਾ ਹੈ।
ਹਾਂ, ਮਾਂ ਨੇ ਮੈਨੂੰ ਦੱਸਿਆ ਸੀ ਕਿ ਨਿੰਮ, ਤੁਲਸੀ, ਐਲੋਵੀਰਾ ਇਹ ਸਾਰੇ ਪੌਦੇ ਦਵਾਈ ਵਾਲੇ ਹੁੰਦੇ ਹਨ।
ਚਿੰਟੂ, ਇਹ ਤੇਰੇ ਹੱਥ ਵਿੱਚ ਕਿਹੜਾ ਪੌਦਾ ਹੈ?
ਮੈਂ ਤਾ ਗੁਲਾਬ ਦਾ ਪੌਦਾ ਲਿਆਇਆ ਹਾਂ।
ਇਹ ਤੂੰ ਕੀ ਕੀਤਾ ਕਿੱਟੀ।


ਮੇਰਾ ਪੌਦਾ ਸਭ ਤੋਂ ਵਧੀਆ ਹੈ। ਇਸ ਲਈ ਮੈਂ ਤੇਰਾ ਪੌਦਾ ਤੋੜ ਦਿੱਤਾ।
ਤੈਨੂੰ ਇੰਝ ਨਹੀਂ ਕਰਨਾ ਚਾਹੀਦਾ ਸੀ ਕਿੱਟੀ।
4+1=5
3+5
ਸਾਰੇ ਬੱਚੇ ਪੌਦੇ ਲਿਆਏ ਹੋ?
ਜੀ ਟੀਚਰ ਜੀ।
ਕਿੱਟੀ, ਤੇਰਾ ਪੌਦਾ ਕਿਥੇ ਹੈ?
4+1=5
3+5=8
ਟੀਚਰ, ਮੈਂ ਤੁਲਸੀ ਦਾ ਪੌਦਾ ਲਿਆਈ ਹਾਂ, ਜੋ ਬਹੁਤ ਹੀ ਉਪਯੋਗੀ ਹੈ।


ਚਿੰਟੂ ਤੇਰਾ ਪੌਦਾ ਕਿਥੇ ਹੈ?
ਟੀਚਰ, ਮੇਰਾ ਪੌਦਾ ਕਿੱਟੀ ਨੇ ਤੋੜ ਦਿੱਤਾ।
ਕਿੱਟੀ ਤੂੰ ਇੰਝ ਕਿਉਂ ਕੀਤਾ?
ਮੇਰਾ ਪੌਦਾ ਦਵਾਈ ਵਾਲਾ ਹੈ ਅਤੇ ਉਹ ਸਭ ਤੋਂ ਵਧੀਆ ਹੈ ਇਸ ਲਈ ਮੈਂ ਚਿੰਟੂ ਦਾ ਪੌਦਾ ਤੋੜ ਦਿੱਤਾ।
ਸਾਰੇ ਪੌਦੇ ਉਪਯੋਗੀ ਹੁੰਦੇ ਹਨ। ਸਾਰੇ ਪੌਦਿਆਂ ਦੇ ਆਪਣੇ-ਆਪਣੇ ਗੁਣ ਹੁੰਦੇ ਹਨ। ਜੇਕਰ ਕੋਈ ਪੌਦਾ ਸਾਨੂੰ ਫਲ ਜਾਂ ਫੁੱਲ ਨਹੀਂ ਦਿੰਦਾ ਤਾਂ ਉਹ ਸਾਨੂੰ ਆਕਸੀਜਨ ਤਾਂ ਪ੍ਰਦਾਨ ਕਰਦਾ ਹੈ। ਸਮਝ ਆਈ ਗੱਲ, ਕਿੱਟੀ।
ਜੀ ਟੀਚਰ ਜੀ, ਮੈਨੂੰ ਮਾਫ਼ ਦਿਉ। ਹੁਣ ਮੈਂ ਅਜਿਹਾ ਨਹੀਂ ਕਰਾਂਗੀ।



# ਘੁਮੰਡ ਦਾ ਨਤੀਜਾ

– ਵਿਭਾ ਵਰਮਾ

ਸੁੰਦਰਵਨ ਵਿੱਚ ਭੀਕੂ ਗਿੱਦੜ ਕਈ ਦਿਨਾਂ ਤੋਂ ਭੁੱਖਾ ਅਤੇ ਬੀਮਾਰ ਸੀ। ਉਸ ਵਿੱਚ ਐਨੀ ਸ਼ਕਤੀ ਵੀ ਨਹੀਂ ਸੀ ਕਿ ਆਪਣੀ ਭੁੱਖ ਮਿਟਾਉਣ ਲਈ ਸ਼ਿਕਾਰ ਕਰ ਸਕੇ। ਉਹ ਲਾਚਾਰ ਹੋ ਕੇ ਇੱਕ ਰੁੱਖ ਹੇਠਾਂ ਪਿਆ ਰਹਿੰਦਾ।

ਇੱਕ ਦਿਨ ਇੱਕ ਸ਼ੇਰ ਮੱਝ ਦਾ ਸ਼ਿਕਾਰ ਕਰਕੇ ਆਪਣੀ ਗੁਫ਼ਾ ਵਿੱਚ ਜਾ ਰਿਹਾ ਸੀ। ਤਦ ਉਸ ਦੀ ਨਜ਼ਰ ਲਲਚਾਈਆਂ ਅੱਖਾਂ ਨਾਲ ਵੇਖਦੇ ਹੋਏ ਭੀਕੂ ਗਿੱਦੜ ਤੇ ਪਈ। ਉਸ ਦੀ ਕਮਜ਼ੋਰੀ ਅਤੇ ਲਾਚਾਰ ਅਵਸਥਾ ਨੂੰ ਵੇਖ ਕੇ ਸ਼ੇਰ ਨੂੰ ਦਯਾ ਆ ਗਈ। ਉਹ ਉਸ ਨੂੰ ਆਪਣੀ ਪਿੱਠ ਤੇ ਲੱਦ ਕੇ ਆਪਣੀ ਗੁਫ਼ਾ ਵਿੱਚ ਲੈ ਗਿਆ ਅਤੇ ਉਥੇ ਪਿਆ ਹੋਇਆ ਬਾਸੀ ਮੀਟ ਖਾਣ ਨੂੰ ਦਿੱਤਾ।

ਇਸ ਤਰ੍ਹਾਂ ਬੈਠੇ-ਬੈਠੇ ਹੀ ਥੋੜਾ-ਬਹੁਤ ਉਸ ਨੂੰ ਹਰ ਰੋਜ਼ ਕੁੱਝ ਨਾ ਕੁੱਝ ਖਾਣ ਨੂੰ ਮਿਲ ਜਾਂਦਾ। ਕੁੱਝ ਹੀ ਹਫ਼ਤਿਆਂ ਵਿੱਚ ਉਹ ਪਹਿਲੇ ਵਰਗਾ ਮੋਟਾ-ਤਾਜਾ ਹੋ ਗਿਆ। ਹੌਲੀ-ਹੌਲੀ ਉਹ ਕਾਫੀ ਬਲਵਾਨ ਵੀ ਹੋ ਗਿਆ ਅਤੇ ਉਸ ਨੂੰ ਆਪਣੀ ਤਾਕਤ ਦਾ ਘੁਮੰਡ ਵੀ ਹੋਣ ਲੱਗਾ। ਹੁਣ ਆਪਣੇ ਹੀ ਬਰਾਦਰੀ ਵਾਲਿਆਂ ਤੋਂ ਉਹ ਆਪਣੇ ਆਪ ਨੂੰ ਸ੍ਰੇਸ਼ਠ ਸਮਝਣ ਲੱਗਾ। ਉਹ ਭਾਲੂ, ਬਾਂਦਰ, ਲੂੰਮੜੀ ਅਤੇ ਖਰਗੋਸ਼ ਨਾਲ ਟੱਕਰ ਲੈਣ ਵਿੱਚ ਵੀ ਨਹੀਂ ਰੁਕਦਾ।

ਇੱਕ ਦਿਨ ਭੀਕੂ ਗਿੱਦੜ ਨੇ ਕੱਕੂ ਹਾਥੀ ਦਾ ਹੀ ਸ਼ਿਕਾਰ ਕਰਨ ਦੀ ਯੋਜਨਾ ਬਣਾ ਲਈ। ਉਸ ਨੇ ਆਪਣੇ ਮਨ ਦਾ ਵਿਚਾਰ ਜਦ ਸ਼ੇਰ ਨੂੰ ਦੱਸਿਆ ਤਾਂ ਸ਼ੇਰ ਬੋਲਿਆ- ਅਰੇ ਭੀਕੂ ਗਿੱਦੜ! ਕੱਕੂ ਹਾਥੀ ਬੜਾ ਸ਼ਕਤੀਸ਼ਾਲੀ ਹੈ। ਉਸ ਦਾ ਸ਼ਿਕਾਰ ਤੇਰੇ ਵਸ ਦੀ ਗੱਲ ਨਹੀਂ ਹੈ ਪਰ ਭੀਕੂ ਗਿੱਦੜ ਨੇ ਉਸ ਦੀ ਇੱਕ ਨਾ ਸੁਣੀ।



ਕੁੱਝ ਦਿਨਾਂ ਬਾਦ ਸੰਜੋਗ ਨਾਲ ਕੱਕੂ ਹਾਥੀ ਉਧਰੋਂ ਲੰਘ ਰਿਹਾ ਸੀ। ਬਸ ਫਿਰ ਕੀ ਸੀ? ਭੀਕੂ ਗਿੱਦੜ ਦੌੜ ਕੇ ਇੱਕ ਚੱਟਾਨ ਤੇ ਬੈਠ ਗਿਆ। ਉਹ ਮਨ ਹੀ ਮਨ ਯੋਜਨਾ ਬਣਾਉਣ ਲੱਗਾ ਕਿ ਜਿਉਂ ਹੀ ਕੱਕੂ ਹਾਥੀ ਇਧਰ ਤੋਂ ਲੰਘੇਗਾ ਉਹ ਉਸ ਤੇ ਧਾਵਾ ਬੋਲ ਦਏਗਾ।

ਕੁੱਝ ਦੇਰ ਬਾਦ ਜਿਉਂ ਹੀ ਕੱਕੂ ਹਾਥੀ ਚੱਟਾਨ ਦੇ ਨੇੜੇ ਆਇਆ ਤਾਂ ਭੀਕੂ ਗਿੱਦੜ ਨੇ ਉਸ ਦੀ ਗਰਦਨ ਤੇ ਹਮਲਾ ਕਰ ਦਿੱਤਾ। ਲੇਕਿਨ ਇਹ ਕੀ? ਭੀਕੂ ਗਿੱਦੜ ਉਸ ਦੀ ਗਰਦਨ ਦੀ ਬਜਾਏ ਉਸ ਦੇ ਪੈਰਾਂ ਵਿੱਚ ਡਿੱਗ ਗਿਆ।

ਇਸ ਘਟਨਾ ਤੋਂ ਕੱਕੂ ਹਾਥੀ ਬਿਲਕੁਲ ਅਣਜਾਣ ਸੀ। ਹੜਬੜਾਹਟ ਵਿੱਚ ਉਸ ਨੇ ਆਪਣਾ ਪੈਰ ਭੀਕੂ ਗਿੱਦੜ ਤੇ ਰੱਖ ਦਿੱਤਾ, ਜਿਸ ਨਾਲ ਉਸ ਦਾ ਉਸੇ ਵਕਤ ਕਚੂਮਰ ਨਿਕਲ ਗਿਆ। ਕੋਲ ਹੀ ਕੁੱਝ ਦੂਰ ਖੜਾ ਸ਼ੇਰ ਇਹ ਦ੍ਰਿਸ਼ ਵੇਖ ਰਿਹਾ ਸੀ। ਉਹ ਇਹ ਦ੍ਰਿਸ਼ ਵੇਖ ਕੇ ਤਾੜੀ ਮਾਰ-ਮਾਰ ਕੇ ਕਹਿਣ ਲੱਗਾ- 'ਸੱਚ ਹੈ ਘੁਮੰਡੀਆਂ ਦੀ ਇਹੀ ਦਸ਼ਾ ਹੁੰਦੀ ਹੈ।' ■

ਪ੍ਰੇਰਕ-ਪ੍ਰਸੰਗ

# ਮਾਤਰਭੂਮੀ ਪ੍ਰੇਮ

– ਰੂਪਨਰਾਇਣ ਕਾਬਰਾ



ਜਾਪਾਨ ਦਾ ਇੱਕ ਚਿੱਤਰਕਾਰ ਭਗਵਾਨ ਬੁੱਧ ਦੇ ਜੀਵਨ ਦੇ ਅਨੋਖੇ ਪ੍ਰਸੰਗਾਂ ਨੂੰ ਆਪਣੇ ਪੇਂਟ ਬੁਰਸ਼ ਨਾਲ ਪੇਂਟ ਕਰਨ ਦੇ ਮੰਤਵ ਨਾਲ ਸਾਰਨਾਥ ਆਇਆ ਹੋਇਆ ਸੀ। ਉਹ ਬੁੱਧ ਦੇ ਪ੍ਰਸੰਗਾਂ ਨੂੰ ਦੀਵਾਰਾਂ ਤੇ ਅੰਕਿਤ ਕਰਨ ਦੇ ਕੰਮ ਵਿੱਚ ਦਿਨ-ਭਰ ਲਗਨ ਨਾਲ ਲਗਾ ਰਹਿੰਦਾ। ਰਾਤ ਦੇ ਸਮੇਂ ਕੁੱਝ ਚਾਵਲ, ਦਾਲ ਅਤੇ ਆਲੂ ਪਾ ਕੇ ਆਪਣੇ ਲਈ ਖਿਚੜੀ ਬਣਾ ਲੈਂਦਾ।

ਇੱਕ ਦਿਨ ਇੱਕ ਬੋਧ ਭਿਕਸ਼ੂ ਨੇ ਉਸ ਨੂੰ ਇੱਕ ਡੱਬੇ ਵਿੱਚੋਂ ਕੁੱਝ ਚਾਵਲ ਦੇ ਦਾਣੇ ਕੱਢ ਕੇ ਬਾਕੀ ਚਾਵਲਾਂ ਵਿੱਚ ਮਿਲਾਉਂਦੇ ਹੋਏ ਵੇਖਿਆ। ਉਸ ਨੇ ਪੁੱਛਿਆ, 'ਕੀ ਚਾਵਲ ਦੇ ਇਹਨਾਂ ਦਾਣਿਆਂ ਵਿੱਚ ਕੋਈ ਵਿਸ਼ੇਸ਼ਤਾ ਹੈ ਜੋ ਤੂੰ ਡੱਬੇ ਵਿੱਚੋਂ ਕੱਢ ਕੇ ਮਿਲਾਏ?

ਚਿੱਤਰਕਾਰ ਨੇ ਉੱਤਰ ਦਿੱਤਾ, 'ਬੰਧੂ, ਚਾਵਲ ਦੇ ਇਹ ਦਾਣੇ ਮੇਰੇ ਦੇਸ਼ ਜਾਪਾਨ ਦੇ ਹਨ, ਉਥੇ ਉਗੇ ਹਨ। ਮੈਂ ਇਹਨਾਂ ਨੂੰ ਮਾਤਰ ਭੂਮੀ ਦਾ ਪਵਿੱਤਰ ਪ੍ਰਸਾਦ ਮੰਨ ਕੇ ਹਰ ਰੋਜ਼ ਆਪਣੇ ਭੋਜਨ ਵਿੱਚ ਮਿਲਾ ਲੈਂਦਾ ਹਾਂ। ਇਸ ਮਾਧਿਅਮ ਨਾਲ ਮੈਂ ਆਪਣੀ ਮਾਤਰਭੂਮੀ ਨਾਲ ਜੁੜਿਆ ਮਹਿਸੂਸ ਕਰਦਾ ਹਾਂ।

ਬੋਧ ਭਿਕਸ਼ੂ ਜਾਪਾਨੀ ਚਿੱਤਰਕਾਰ ਦਾ ਮਾਤਰਭੂਮੀ ਪ੍ਰੇਮ ਵੇਖ ਕੇ ਹੈਰਾਨ ਰਹਿ ਗਿਆ। ■



ਜਾਣਕਾਰੀਪੂਰਣ ਲੇਖ

# ਅਜਬ ਅਨੋਖੇ ਡੱਡੂ

– ਕਿਰਣ ਬਾਲਾ

ਵਰਖਾ ਸ਼ੁਰੂ ਹੁੰਦੇ ਹੀ ਡੱਡੂਆਂ ਦੀ ਟਰਰ-ਟਰਰ ਦੀ ਆਵਾਜ਼ ਚਾਰੇ ਪਾਸੇ ਸੁਣਾਈ ਦਿੰਦੀ ਹੈ। ਤੁਸੀਂ ਆਪਣੇ ਗਲੀ-ਮੁਹੱਲਿਆਂ ਅਤੇ ਬਾਗ-ਬਗੀਚਿਆਂ ਵਿੱਚ ਉਛਲਦੇ-ਕੁੱਦਦੇ ਡੱਡੂਆਂ ਨੂੰ ਤਾਂ ਵੇਖਿਆ ਹੀ ਹੋਵੇਗਾ ਲੇਕਿਨ ਇਥੇ ਅਸੀਂ ਤੁਹਾਨੂੰ ਅਜਿਹੇ ਡੱਡੂਆਂ ਬਾਰੇ ਦੱਸ ਰਹੇ ਹਾਂ ਜੋ ਅਜਬ ਅਨੋਖੇ ਹਨ।

ਵਿਸ਼ਵ ਦਾ ਸਭ ਤੋਂ ਵੱਡਾ ਡੱਡੂ ਗੋਲਿਯਮਥ ਹੈ। ਇਹ ਕੈਮਰੂਨ ਅਤੇ ਭੂਮਧਵਰਤੀ ਗਿਲਿਯ ਵਿੱਚ ਪਾਇਆ ਜਾਂਦਾ ਹੈ। ਸੰਨ 1989 ਵਿੱਚ ਫੜੇ ਗਏ ਇੱਕ ਡੱਡੂ ਦਾ ਵਜਨ 3.66 ਕਿਲੋਗ੍ਰਾਮ ਸੀ।

ਡੱਡੂਆਂ ਦੀਆਂ ਸਾਰੀਆਂ ਪ੍ਰਜਾਤੀਆਂ ਵਿੱਚੋਂ ਕੱਚ ਡੱਡੂ ਸਭ ਤੋਂ ਵੱਧ ਅਨੋਖਾ ਅਤੇ ਸੁੰਦਰ ਹੁੰਦਾ ਹੈ। ਇਸ ਦੀ ਚਮੜੀ ਪੂਰੀ ਤਰ੍ਹਾਂ ਪਾਰਦਰਸ਼ੀ ਹੁੰਦੀ ਹੈ। ਜਿਸ ਦੀ ਵਜ੍ਹਾ ਨਾਲ ਬਾਹਰ ਤੋਂ ਹੀ ਉਸ ਦੇ ਸਰੀਰ ਦੇ ਅੰਦਰ ਦੇ ਸਾਰੇ ਅੰਗ ਸਪੱਸ਼ਟ ਦਿਖਾਈ ਦਿੰਦੇ ਹਨ। ਇਥੋਂ ਤਕ ਕਿ ਟੰਗਾਂ ਦੀਆਂ ਅੰਦਰੂਨੀ ਹੱਡੀਆਂ, ਨਾੜੀਆਂ ਅਤੇ ਧਮਣੀਆਂ ਵਿੱਚ ਦੌੜਦਾ ਖ਼ੂਨ ਵੀ ਸਾਫ਼ ਦਿਖਾਈ ਦਿੰਦਾ ਹੈ। ਸੇ ਟ੍ਰੋਲੇਨਿਡੇ ਪਰਿਵਾਰ ਦੀ ਇਹ ਪ੍ਰਜਾਤੀ ਰੁੱਖਾਂ ਤੇ ਰਹਿੰਦੀ ਹੈ। ਇਹਨਾਂ ਦੇ ਪੈਰ ਗੱਦੇਦਾਰ ਅਤੇ ਚਿਪਕਣ ਵਾਲੇ ਹੁੰਦੇ ਹਨ। ਇਸ ਨਾਲ ਇਹ ਡੱਡੂ ਬੜੀ ਆਸਾਨੀ ਨਾਲ ਇੱਕ ਰੁੱਖ ਤੋਂ ਦੂਸਰੇ ਰੁੱਖ ਤੇ ਕੁੱਦ ਸਕਦੇ ਹਨ।

ਪੰਛੀਆਂ ਨੂੰ ਤਾਂ ਆਲ੍ਹਣਾ ਬਣਾਉਂਦੇ ਵੇਖਿਆ ਹੈ ਪਰ ਸ਼ਾਇਦ ਤੁਸੀਂ ਨਹੀਂ ਜਾਣਦੇ ਕਿ ਡੱਡੂਆਂ ਦੀਆਂ ਕੁੱਝ ਪ੍ਰਜਾਤੀਆਂ ਰਹਿਣ ਲਈ ਆਲ੍ਹਣਾ ਵੀ ਬਣਾਉਂਦੀਆਂ ਹਨ। ਇਹ ਆਲ੍ਹਣੇ ਰੁੱਖਾਂ ਤੇ ਬਣਾਏ ਜਾਂਦੇ ਹਨ। ਆਲ੍ਹਣਾ ਬਨਾਉਣ ਲਈ ਇਹ ਤਿਨਕਿਆਂ ਦਾ ਇਸਤੇਮਾਲ ਕਰਦੇ ਹਨ। ਇਥੇ ਹੀ ਮਾਦਾ ਆਂਡੇ ਦਿੰਦੀ ਹੈ ਅਤੇ ਬੱਚੇ ਵਿਕਸਿਤ ਹੁੰਦੇ ਹਨ।

ਵਿਸ਼ਵ ਦਾ ਸਭ ਤੋਂ ਜ਼ਹਿਰੀਲਾ ਡੱਡੂ ਬੇਟਰਾਚੋਟੋਕਸਿਨ ਹੈ। ਇਸ ਡੱਡੂ ਦੀ ਖੋਜ 1973 ਵਿੱਚ ਕੋਲੰਬੀਆਂ ਵਿੱਚ ਹੋਈ।ਇਸ ਦੀ ਚਮੜੀ ਚੋਂ ਫਿਲਾਬੇਟਸ ਟੇਰੀ ਬਿਲੇਸ ਨਾਮਕ ਜ਼ਹਿਰ ਨਿਕਲਦਾ ਹੈ। ਇਹ ਜ਼ਹਿਰ ਕਿਸੇ ਵੀ ਜ਼ਹਿਰ ਤੋਂ 20 ਗੁਣਾਂ ਜ਼ਿਆਦਾ ਜ਼ਹਿਰੀਲਾ ਹੁੰਦਾ ਹੈ। ਇੱਕ ਡੱਡੂ 1500 ਲੋਕਾਂ ਦੀ ਜਾਨ ਲੈਣ ਲਈ ਕਾਫੀ ਹੈ। ਇਸ ਨੂੰ ਫੜਨ ਲਈ ਮੋਟੇ ਦਸਤਾਨੇ ਪਾਉਣੇ ਪੈਂਦੇ ਹਨ। ਪਰੋ ਪਾਈਸਨ ਪ੍ਰਜਾਤੀ ਡੱਡੂ ਦੀ ਚਮੜੀ ਐਨੀ ਜ਼ਹਿਰੀਲੀ ਹੁੰਦੀ ਹੈ ਕਿ ਲੋਕ ਸ਼ਿਕਾਰ ਦੇ ਸਮੇਂ ਆਪਣੇ ਤੀਰਾਂ ਤੇ ਇਸ ਦੇ ਜ਼ਹਿਰ ਦਾ ਇਸਤੇਮਾਲ ਕਰਦੇ ਹਨ।

ਡੱਡੂ ਦੇ ਆਂਡੇ ਟੇਡਪੋਲ ਵਿੱਚ ਬਦਲਦੇ ਹਨ ਜੋ ਕਿ ਪੂਰੇ ਡੱਡੂ ਦੇ ਰੂਪ ਵਿੱਚ ਪਰਿਵਰਤਿਤ ਹੁੰਦੇ ਹਨ ਲੇਕਿਨ ਪੈਰਾਡਾਕਸਿਲ ਫ੍ਰਾਗ ਦਾ ਟੇਡਪੋਲ ਵਧ ਕੇ ਡੱਡੂ ਨਹੀਂ ਬਣਦਾ ਬਲਕਿ ਸੁੰਘੜ ਕੇ ਆਪਣੇ ਤੋਂ ਇੱਕ ਚੌਥਾਈ ਆਕਾਰ ਵਿੱਚ ਡੱਡੂ ਵਿੱਚ ਬਦਲ ਜਾਂਦਾ ਹੈ। ■



# ਕੀ ਤੁਸੀਂ ਜਾਣਦੇ ਹੋ

- ਭਾਰਤ ਦੇ ਪਹਿਲੇ ਮੁਖ ਸੈਨਾਪਤੀ ਜਨਰਲ ਕੇ. ਐਮ. ਕਰਿਅੱਪਾ ਸਨ।
- ਰਿਕਸ਼ਾ ਸਭ ਤੋਂ ਪਹਿਲਾਂ 1869 ਵਿੱਚ ਜਾਪਾਨ ਵਿੱਚ ਇਸਤੇਮਾਲ ਕੀਤਾ ਗਿਆ ਸੀ।
- ਚਾਰ ਦਿਨ ਦਾ ਹਫ਼ਤਾ ਤਿੱਬਤ ਵਿੱਚ ਮਨਾਇਆ ਜਾਂਦਾ ਹੈ।
- ਸਭ ਤੋਂ ਪਹਿਲਾਂ ਪੋਸਟਕਾਰਡ ਹੰਗਰੀ ਵਿੱਚ ਚਲਾਇਆ ਗਿਆ ਸੀ।
- ਯਜੁਰਵੇਦ ਦੀ ਰਚਨਾ ਗਦ ਅਤੇ ਪਦ ਦੋਨਾਂ ਵਿੱਚ ਕੀਤੀ ਗਈ ਹੈ।
- ਸ਼ੁਕਰ ਗ੍ਰਹਿ ਨੂੰ ਭੋਰ ਦਾ ਤਾਰਾ ਕਿਹਾ ਜਾਂਦਾ ਹੈ।
- ਭਾਰਤ ਦੀ ਪਹਿਲੀ ਬੋਲਦੀ ਫਿਲਮ 'ਆਲਮਆਰਾ' ਸੀ।
- ਮੰਗਲ ਗ੍ਰਹਿ ਨੂੰ ਲਾਲ ਗ੍ਰਹਿ ਵੀ ਕਿਹਾ ਜਾਂਦਾ ਹੈ।
- ਸ਼ੁਕਰ ਗ੍ਰਹਿ ਨੂੰ ਪ੍ਰਿਥਵੀ ਦੀ ਜੁੜਵਾਂ ਭੈਣ ਕਿਹਾ ਜਾਂਦਾ ਹੈ।
- ਗੁਗਲੀ' ਸ਼ਬਦ ਕ੍ਰਿਕੇਟ ਖੇਡ ਨਾਲ ਸੰਬੰਧਿਤ ਹੈ।
- ਭਰਤਨਾਟਯਮ ਦਾ ਆਰੰਭ ਤਮਿਲਨਾਡੂ ਵਿੱਚ ਹੋਇਆ ਸੀ।
- ਉਡੱਣ ਵਾਲੇ ਸੱਪ ਮਲੇਸ਼ੀਆ ਵਿੱਚ ਪਾਏ ਜਾਂਦੇ ਹਨ।
- ਬੇਲਜੀਅਮ ਇਕ ਅਜਿਹਾ ਦੇਸ਼ ਹੈ ਜਿਥੇ ਨੰਗੇ ਪੈਰ ਚੱਲਣ ਵਾਲਿਆਂ ਨੂੰ ਦੰਡ ਦਿਤਾ ਜਾਂਦਾ ਹੈ।
- ਅਫਰੀਕਾ ਦੇ ਸ਼ਹਿਰ ਟੀਮਜਾ ਵਿੱਚ ਸਾਰੇ ਮਕਾਨ ਨਮਕ ਨਾਲ ਬਣੇ ਹੁੰਦੇ ਹਨ।
- ਅਮਰੀਕਾ ਦੇ ਨਿਊਜਰਸੀ ਸ਼ਹਿਰ ਤੋਂ ਵਿਸ਼ਵ ਦਾ ਪਹਿਲਾ ਟੈਲੀਗਰਾਫ ਸੰਦੇਸ਼ ਭੇਜਿਆ ਗਿਆ ਸੀ।
- ਸੰਨ 1973 ਵਿਚ ਸੋਵੀਅਤ ਸੰਘ ਨੇ ਚੰਨ ਵਾਸਤੇ ਮਾਨਵਰਹਿਤ ਪੁਲਾੜ ਉਡਾਣ ਲੂਨਾ-21 ਭੇਜਿਆ ਸੀ।
- ਭਾਰਤੀ ਸੈਨਾ ਦੇ ਪਹਿਲੇ ਕਮਾਂਡਰ-ਇਨ-ਚੀਫ ਕੇ ਐਮ ਕਰਿਅੱਪਾ ਦੁਆਰਾ ਸੰਨ 1949 ਵਿਚ ਅਹੁਦਾ ਸੰਭਾਲਣ ਦੀ ਯਾਦ ਵਿਚ ਸੈਨਾ ਦਿਵਸ ਮਨਾਇਆ ਜਾਂਦਾ ਹੈ।

ਪੇਸ਼ਕਸ਼ : ਭਾਰਤਭੂਸ਼ਣ ਸ਼ੁਕਲ

# ਇਹੋ ਜਿਹਾ ਵਰ ਦਿਉ

- ਰੂਪਮਜੀਤ




ਇਹੋ ਜਿਹਾ ਵਰ ਦਿਉ ਭਗਵਾਨ ਸਾਨੂੰ,
ਛੂਹ ਨਾ ਸਕੇ ਕਦੇ ਹੰਕਾਰ ਸਾਨੂੰ।
ਅਸੀਂ ਪੜ੍ਹ-ਲਿਖ ਕੇ ਵਿਦਵਾਨ ਬਣੀਏ,
ਨਿਤ ਮਿਲੇ ਮਾਣ-ਸਨਮਾਨ ਸਾਨੂੰ।

ਤੁਸੀਂ ਸਮਰੱਥ ਹੋ, ਤੁਸੀਂ ਸ਼ਕਤੀਸ਼ਾਲੀ,
ਤੁਸੀਂ ਕਰਨਾ ਮੇਰੀ ਰਖਵਾਲੀ।
ਅਸੀਂ ਛੋਟੇ-ਛੋਟੇ ਬਾਲਕ ਹਾਂ,
ਤੇਰੀ ਆਗਿਆ ਦੇ ਪਾਲਕ ਹਾਂ।
ਇਹੋ ਜਿਹਾ ਵਰ ਦਿਉ ਭਗਵਾਨ ਸਾਨੂੰ,
ਹੋਵੇ ਸਹੀ-ਗਲਤ ਦਾ ਗਿਆਨ ਸਾਨੂੰ।

ਭਾਈਚਾਰਾ ਹੋਵੇ ਸਾਨੂੰ ਪਿਆਰਾ,
ਸਦਭਾਵਾਂ ਦਾ ਗੂੰਜੇ ਨਾਅਰਾ।
ਆਪਸ ਵਿੱਚ ਪਿਆਰ ਕਰਨ ਸਾਰੇ,
ਨਾ ਵੈਰ ਕਿਸੇ ਨਾਲ ਹੋਵੇ ਹੁਣ ਤੋਂ,
ਇਹੋ ਜਿਹਾ ਵਰ ਦਿਉ ਭਗਵਾਨ ਸਾਨੂੰ,
ਮਾਰਗ ਕਠਿਨ ਲੱਗੇ ਆਸਾਨ ਸਾਨੂੰ।

ਹਰ ਪਾਸੇ ਕੀਰਤੀ ਪਲ-ਪਲ ਫੈਲੇ,
ਧੋਤੇ ਜਾਣ ਜੋ ਹਨ ਮਨ ਮੈਲੇ।
ਇਹ ਜੀਵਨ ਸੁੱਖ ਨਾਲ ਭਰ ਜਾਏ,
ਦੁੱਖ ਨਜ਼ਰ ਬਿਲਕੁਲ ਨਹੀਂ ਆਏ।
ਇਹੋ ਜਿਹਾ ਵਰ ਦਿਉ ਭਗਵਾਨ ਸਾਨੂੰ,
ਸਾਰੇ ਕਹਿਣ ਦੇਸ਼ ਦੀ ਸ਼ਾਨ ਸਾਨੂੰ।




# ਬੱਦਲ ਅਤੇ ਸਮੁੰਦਰ

– ਰਾਧੇਲਾਲ

ਇੱਕ ਦਿਨ ਸਮੁੰਦਰ ਨੇ ਬੱਦਲ ਤੋਂ ਪੁੱਛਿਆ – ਮੇਰਾ ਪਾਣੀ ਤਾਂ ਖਾਰਾ ਹੈ। ਕੋਈ ਪਸ਼ੂ-ਪੰਛੀ ਤਕ ਪੀਣਾ ਨਹੀਂ ਚਾਹੁੰਦਾ। ਫਿਰ ਤੂੰ ਮੇਰਾ ਪਾਣੀ ਲੈ ਕੇ ਕੀ ਕਰਨਾ ਚਾਹੁੰਦਾ ਹੈ?

– ਵਰਸ ਕੇ ਲੋੜਵੰਦਾਂ ਨੂੰ ਦੇਣਾ ਚਾਹੁੰਦਾ ਹਾਂ।

– ਬੱਦਲ ਨੇ ਜਵਾਬ ਦਿੱਤਾ।

– ਭਲਾ ਖਾਰੇ ਪਾਣੀ ਦੀ ਲੋੜ ਕਿਸ ਨੂੰ ਪੈਂਦੀ ਹੈ? – ਸਮੁੰਦਰ ਨੂੰ ਬੱਦਲ ਦੀ ਗੱਲ ਸਮਝ ਵਿੱਚ ਨਹੀਂ ਆਈ।

ਬੱਦਲ ਬੋਲਿਆ – ਜਦ ਤਕ ਉਹ ਪਾਣੀ ਆਪ ਦੇ ਕੋਲ ਹੈ, ਤਦ ਤਕ ਖਾਰਾ ਹੈ। ਮੇਰੇ ਗ੍ਰਹਿਣ ਕਰਨ ਦੇ ਬਾਦ ਉਹ ਮਿੱਠਾ ਹੋ ਜਾਂਦਾ ਹੈ।

– ਉਹ ਕਿਵੇਂ? – ਸਮੁੰਦਰ ਉਤਸੁਕ ਹੋ ਉਠਿਆ।

– ਆਪ ਦੂਸਰੇ ਤੋਂ ਜਿੰਨਾ ਲੈਂਦੇ ਹੋ, ਉਸ ਅਨੁਪਾਤ ਵਿੱਚ ਦੂਸਰੇ ਨੂੰ ਘੱਟ ਦਿੰਦੇ ਹੋ। ਇਹੀ ਵਜ੍ਹਾ ਹੈ ਕਿ ਆਪ ਦਾ ਪਾਣੀ ਸਦਾ ਖਾਰਾ ਰਹਿੰਦਾ ਹੈ। – ਬੱਦਲ ਨੇ ਅੱਗੇ ਕਿਹਾ – ਪਰ ਮੈਂ ਜਿੰਨਾ ਪਾਣੀ ਤੁਹਾਡੇ ਤੋਂ ਲੈਂਦਾ ਹਾਂ, ਕੁੱਝ ਵੀ ਆਪਣੇ ਕੋਲ ਨਹੀਂ ਰੱਖਦਾ। ਸਾਰਾ ਦੂਸਰਿਆਂ ਨੂੰ ਦਿੰਦਾ ਹਾਂ। ਇਹੀ ਮੁੱਖ ਕਾਰਣ ਹੈ ਕਿ ਤੁਹਾਡੇ ਕੋਲੋਂ ਜਦ ਪਾਣੀ ਮੇਰੇ ਕੋਲ ਆਉਂਦਾ ਹੈ ਤਾਂ ਉਹ ਖਾਰੇ ਤੋਂ ਮਿੱਠਾ ਹੋ ਜਾਂਦਾ ਹੈ। ਉਸ ਵਿੱਚ ਕੁੱਝ ਵੀ ਖਾਰਾਪਨ ਨਹੀਂ ਰਹਿੰਦਾ। – ਬੱਦਲ ਨੇ ਸਮਝਾਇਆ।

ਬੱਦਲ ਦੀਆਂ ਗੱਲਾਂ ਸੁਣ ਕੇ ਸਮੁੰਦਰ ਚੁੱਪ ਹੋ ਗਿਆ। ■



## ਕਬਜ਼ ਦੀ ਰਾਮਬਾਣ ਦਵਾਈ :

# ਈਸਬਗੋਲ

– ਕੈਲਾਸ਼ ਜੈਨ

ਸਾਡੀ ਪ੍ਰਾਚੀਨ ਇਲਾਜ ਪ੍ਰਣਾਲੀ ਕੁਦਰਤੀ ਪਦਾਰਥਾਂ ਅਤੇ ਜੜੀ-ਬੂਟੀਆਂ ਤੇ ਆਧਾਰਿਤ ਸੀ। ਆਯੁਰਵੈਦਿਕ ਇਲਾਜ ਪ੍ਰਣਾਲੀ ਵਿੱਚ ਸੰਭਵ-ਅਸੰਭਵ ਰੋਗਾਂ ਦਾ ਇਲਾਜ ਕੁਦਰਤੀ ਬਨਸਪਤੀਆਂ ਦੇ ਮਾਧਿਅਮ ਨਾਲ ਸਫਲਤਾਪੂਰਵਕ ਕੀਤਾ ਜਾਂਦਾ ਸੀ। ਸਮੇਂ ਦੀ ਮਾਰ ਨਾਲ ਅਸੀਂ ਕਈ ਕੁਦਰਤੀ ਦਵਾਈਆਂ ਨੂੰ ਭੁਲਾ ਬੈਠੇ। 'ਈਸਬਗੋਲ' ਵਰਗੀ ਚਮਤਕਾਰੀ ਕੁਦਰਤੀ ਦਵਾਈ ਵੀ ਉਨ੍ਹਾਂ ਵਿੱਚੋਂ ਇੱਕ ਹੈ। ਸਾਡੇ ਵੈਦਿਕ ਸਾਹਿਤ ਅਤੇ ਪ੍ਰਾਚੀਨ ਆਯੁਰਵੈਦਿਕ ਗ੍ਰੰਥਾਂ ਵਿੱਚ ਇਸ ਦਾ ਵਰਨਣ ਮਿਲਦਾ ਹੈ। ਸੰਸਕ੍ਰਿਤ ਸਾਹਿਤ ਵਿੱਚ ਇਸ ਨੂੰ 'ਸਨਿਗਘਬੀਜਮ' ਨਾਮ ਨਾਲ ਸੰਬੋਧਿਤ ਕੀਤਾ ਗਿਆ ਹੈ।

ਈਸਬਗੋਲ ਪੱਛਮੀ ਏਸ਼ੀਆਈ ਮੂਲ ਦਾ ਪੌਦਾ ਹੈ। ਇਹ ਤਨਾ ਰਹਿਤ ਅਤੇ ਝਾੜੀਨੁਮਾ ਪੌਦਾ ਹੈ ਜਿਸ ਦੀ ਜ਼ਿਆਦਾਤਰ ਉਚਾਈ ਢਾਈ ਤੋਂ ਤਿੰਨ ਫੁੱਟ ਤਕ ਹੁੰਦੀ ਹੈ। ਇਸ ਦੇ ਪੱਤੇ ਬਰੀਕ ਹੁੰਦੇ ਹਨ ਅਤੇ ਇਸ ਦੀਆਂ ਟਹਿਣੀਆਂ ਦੇ ਸਿਰੇ ਤੇ ਕਣਕ ਦੀ ਤਰ੍ਹਾਂ ਸਿੱਟੇ ਲੱਗਦੇ ਹਨ ਅਤੇ ਫੁਲ ਆਉਂਦੇ ਹਨ। ਫੁੱਲਾਂ ਵਿੱਚ ਕਿਸ਼ਤੀ ਦੇ ਆਕਾਰ ਦੇ ਬੀਜ਼ ਹੁੰਦੇ ਹਨ। ਇਸ ਦੇ ਬੀਜ਼ਾਂ ਤੇ ਸਫੈਦ ਅਤੇ ਪਤਲੀ ਝਿੱਲੀ ਹੁੰਦੀ ਹੈ। ਇਹ ਝਿਲੀ ਹੀ ਦਰਅਸਲ ਈਸਬਗੋਲ ਦੀ ਭੂਸੀ ਕਹਾਉਂਦੀ ਹੈ। ਬੀਜ਼ਾਂ ਤੋਂ ਭੂਸੀ ਕੱਢਣ ਦਾ ਕੰਮ ਹੱਥ ਨਾਲ ਚਲਾਈ ਜਾਣ ਵਾਲੀ ਚੱਕੀ ਅਤੇ ਮਸ਼ੀਨਾਂ ਨਾਲ ਕੀਤਾ ਜਾਂਦਾ ਹੈ। ਇਸ ਭੂਸੀ ਦਾ ਸਭ ਤੋਂ ਵੱਧ ਦਵਾਈ ਵਾਲਾ ਮਹੱਤਵ ਹੈ।

ਈਸਬਗੋਲ ਦੇ ਦਵਾਈ ਦੇ ਮਹੱਤਵ ਨੂੰ ਅਕਸਰ ਹਰੇਕ ਇਲਾਜ ਪ੍ਰਣਾਲੀ ਵਿੱਚ ਸਵੀਕਾਰ ਕੀਤਾ ਗਿਆ ਹੈ। ਯੂਨਾਨੀ ਇਲਾਜ ਪ੍ਰਣਾਲੀ ਵਿੱਚ ਇਸ ਦੇ ਬੀਜ਼ਾਂ ਨੂੰ ਸ਼ੀਤਲ, ਸ਼ਾਂਤੀਦਾਇਕ, ਕਬਜ਼ ਦੂਰ ਕਰਨ ਵਾਲਾ, ਦਸਤ ਅਤੇ ਆਂਤੜੀ ਦੇ ਜ਼ਖ਼ਮ ਆਦਿ ਰੋਗਾਂ ਵਿੱਚ ਉਪਯੋਗੀ ਦੱਸਿਆ ਗਿਆ ਹੈ। ਪ੍ਰਸਿੱਧ ਡਾਕਟਰ ਮੁਜਰਰਬਾਤ ਅਕਬਰੀ ਦੇ ਅਨੁਸਾਰ, ਨਿਯਮਿਤ ਰੂਪ ਨਾਲ ਹਰ ਰੋਜ਼ ਈਸਬਗੋਲ ਦਾ ਸੇਵਨ ਕਰਨ ਨਾਲ ਸਾਹ ਦੇ ਰੋਗਾਂ ਅਤੇ ਦਮੇ ਤੋਂ ਬਹੁਤ ਰਾਹਤ ਮਿਲਦੀ ਹੈ। ਅਠਾਰ੍ਹਵੀਂ ਸਦੀ ਦੇ ਪ੍ਰਤਿਭਾਸ਼ਾਲੀ ਮੈਡੀਕਲ ਵਿਗਿਆਨੀ ਫਲੇਮਿੰਗ ਅਤੇ ਰਾਕਸਬਰਗ ਨੇ ਵੀ ਦਸਤ ਰੋਗ ਦੇ ਇਲਾਜ ਲਈ ਈਸਬਗੋਲ ਨੂੰ ਰਾਮਬਾਣ ਦਵਾਈ ਦੱਸਿਆ।

ਰਸਾਇਣਿਕ ਰਚਨਾ ਦੇ ਅਨੁਸਾਰ ਈਸਬਗੋਲ ਦੇ ਬੀਜ਼ਾਂ ਅਤੇ ਭੂਸੀ ਵਿੱਚ 30 ਪ੍ਰਤੀਸ਼ਤ ਤਕ 'ਮਿਊਸੀਲੇਜ' ਨਾਮਕ ਤੱਤ ਪਾਇਆ ਜਾਂਦਾ ਹੈ। ਮਿਊਸੀਲੇਜ ਦੇ ਭਰਪੂਰ ਮਾਤਰਾ ਦੇ ਕਾਰਣ ਇਸ ਦੇ ਬੀਜ਼ਾਂ ਵਿੱਚ ਵੀਹ ਗੁਣਾਂ ਪਾਣੀ ਮਿਲਾਉਣ ਤੇ ਇਹ ਇੱਕ ਜੈਲੀ ਦੇ ਰੂਪ ਵਿੱਚ ਤਬਦੀਲ ਹੋ ਜਾਂਦਾ ਹੈ। ਇਸ ਦੇ ਇਲਾਵਾ ਈਸਬਗੋਲ ਵਿੱਚ 14.7 ਪ੍ਰਤੀਸ਼ਤ ਇੱਕ ਤਰ੍ਹਾਂ ਦਾ ਤੇਜ਼ਾਬੀ ਤੇਲ ਹੁੰਦਾ ਹੈ ਜਿਸ ਵਿੱਚ ਖ਼ੂਨ ਦੇ ਕੋਲੇਸਟ੍ਰਾਲ ਨੂੰ ਘਟਾਉਣ ਦੀ ਤਾਕਤ ਹੁੰਦੀ ਹੈ।

ਆਧੁਨਿਕ ਇਲਾਜ ਪ੍ਰਣਾਲੀ ਵਿੱਚ ਵੀ ਦਿਨੋਂ-ਦਿਨ ਈਸਬਗੋਲ ਦਾ ਮਹੱਤਵ ਵੱਧਦਾ ਜਾ ਰਿਹਾ ਹੈ। ਪਾਚਣ-ਤੰਤਰ ਨਾਲ ਸੰਬੰਧਿਤ ਰੋਗਾਂ ਦੀ ਦਵਾਈ ਵਿੱਚ ਇਸ ਦਾ ਇਸਤੇਮਾਲ ਹੋ ਰਿਹਾ ਹੈ। ਦਸਤ ਵਰਗੇ ਪੇਟ ਦੇ ਰੋਗਾਂ ਵਿੱਚ ਈਸਬਗੋਲ ਦੀ ਭੂਸੀ ਦਾ ਇਸਤੇਮਾਲ ਨਾ ਕੇਵਲ ਲਾਭਦਾਇਕ ਹੈ ਬਲਕਿ ਇਹ ਬੁਰੇ ਪ੍ਰਭਾਵਾਂ ਤੋਂ ਵੀ ਮੁਕਤ ਹੈ। ਭੋਜਨ ਵਿੱਚ ਰੇਸ਼ੇਦਾਰ ਪਦਾਰਥਾਂ ਦੀ ਘਾਟ ਦੇ ਕਾਰਣ ਕਬਜ਼ ਵਰਗੀ ਬੀਮਾਰੀ ਹੋ ਜਾਣੀ ਅੱਜਕਲ ਆਮ ਗੱਲ ਹੈ ਅਤੇ ਜ਼ਿਆਦਾਤਰ ਲੋਕ ਇਸ ਨਾਲ ਪੀੜਤ ਹਨ। ਭੋਜਨ ਵਿੱਚ ਰੇਸ਼ੇਦਾਰ ਪਦਾਰਥਾਂ ਦੀ ਘਾਟ ਨੂੰ ਨਿਯਮਿਤ ਰੂਪ ਨਾਲ ਈਸਬਗੋਲ ਦੀ ਭੂਸੀ ਦਾ ਸੇਵਨ ਕਰਕੇ ਦੂਰ ਕੀਤਾ ਜਾ ਸਕਦਾ ਹੈ। ਇਹ ਪੇਟ ਵਿੱਚ ਪਾਣੀ ਸੋਕ ਕੇ ਫੁੱਲਦੀ ਹੈ ਆਂਤੜੀਆਂ ਵਿੱਚ ਮੌਜੂਦ ਪਦਾਰਥਾਂ ਦਾ ਆਕਾਰ ਵਧਾਉਂਦੀ ਹੈ। ਇਸ ਨਾਲ ਆਂਤੜੀਆਂ ਜ਼ਿਆਦਾ ਕਿਰਿਆਸ਼ੀਲ ਹੋ ਕੇ ਕੰਮ ਕਰਨ ਲੱਗਦੀਆਂ ਹਨ ਅਤੇ ਪਚੇ ਹੋਏ ਪਦਾਰਥਾਂ ਨੂੰ ਅੱਗੇ ਵਧਾਉਂਦੀਆਂ ਹਨ। ਇਹ ਭੂਸੀ ਸਰੀਰ ਦੇ ਟਾਕਿਸੰਸ ਅਤੇ ਬੈਕਟੀਰੀਆ ਨੂੰ ਵੀ ਸੋਕ ਕੇ ਸਰੀਰ ਤੋਂ ਬਾਹਰ ਕੱਢ ਦਿੰਦੀ ਹੈ।

ਈਸਬਗੋਲ ਦੀ ਭੂਸੀ ਅਤੇ ਇਸ ਦੇ ਬੀਜ਼ ਦੋਵੇਂ ਹੀ ਵਿਭਿੰਨ ਰੋਗਾਂ ਵਿੱਚ ਇੱਕ ਦਵਾਈ ਦਾ ਕੰਮ ਕਰਦੇ ਹਨ। ਇਸ ਦੇ ਬੀਜ਼ਾਂ ਨੂੰ ਠੰਡੇ ਪਾਣੀ ਵਿੱਚ ਭਿਉਂ ਕੇ ਛਾਣ ਕੇ ਪੀਣ ਨਾਲ ਖ਼ੂਨੀ ਬਵਾਸੀਰ ਵਿੱਚ ਲਾਭ ਮਿਲਦਾ ਹੈ। ਨੱਕ ਚੋਂ ਖ਼ੂਨ ਨਿਕਲਣ ਦੀ ਹਾਲਤ ਵਿੱਚ ਈਸਬਗੋਲ ਦੇ ਬੀਜ਼ਾਂ ਨੂੰ ਸਿਰਕੇ ਦੇ ਨਾਲ ਪੀਸ ਕੇ ਕਨਪੱਟੀ ਤੇ ਲੇਪ ਕਰਨਾ ਚਾਹੀਦਾ ਹੈ।

ਕਬਜ਼ ਦੇ ਇਲਾਵਾ ਦਸਤ, ਪੇਟਦਰਦ ਆਦਿ ਵਿੱਚ ਵੀ ਈਸਬਗੋਲ ਦੀ ਭੂਸੀ ਨੂੰ ਦਹੀ ਦੇ ਨਾਲ ਲੈਣਾ ਲਾਭਦਾਇਕ ਰਹਿੰਦਾ ਹੈ। ਜ਼ਿਆਦਾ ਕਫ਼ ਹੋਣ ਦੀ ਹਾਲਤ ਵਿੱਚ ਈਸਬਗੋਲ ਦੇ ਬੀਜ਼ਾਂ ਦਾ ਕਾੜ੍ਹਾ ਬਣਾ ਕੇ ਰੋਗੀ ਨੂੰ ਦਿੱਤਾ ਜਾਂਦਾ ਹੈ।

ਈਸਬਗੋਲ ਦੇ ਬੀਜ਼ਾਂ ਦਾ ਇਸਤੇਮਾਲ ਕਰਨ ਤੋਂ ਪਹਿਲਾਂ ਉਹਨਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ। ਬਾਦ ਵਿੱਚ ਇਹਨਾਂ ਨੂੰ ਧੋ ਕੇ ਸੁਕਾ ਲਵੋ। ਕਬਜ਼ ਹੋਣ ਤੇ ਰਾਤ ਨੂੰ ਸੌਂਦੇ ਸਮੇਂ ਭੂਸੀ ਨੂੰ ਦੁੱਧ ਜਾਂ ਪਾਣੀ ਨਾਲ ਲਿਆ ਜਾ ਸਕਦਾ ਹੈ ਜਾਂ ਇੱਕ ਕੱਪ ਪਾਣੀ ਵਿੱਚ ਇੱਕ ਤੋਲਾ ਭੂਸੀ ਅਤੇ ਥੋੜੀ ਸ਼ੱਕਰ ਪਾ ਕੇ ਜੈਲੀ ਤਿਆਰ ਕਰ ਲਉ ਅਤੇ ਇਸ ਦਾ ਸੇਵਨ ਕਰੋ।

ਆਮਤੌਰ ਤੇ ਈਸਬਗੋਲ ਦੀ ਭੂਸੀ ਅਤੇ ਬੀਜ਼ਾਂ ਦਾ ਇਸਤੇਮਾਲ ਰਾਤ ਨੂੰ ਸੌਂਦੇ ਸਮੇਂ ਕੀਤਾ ਜਾਂਦਾ ਹੈ ਪ੍ਰੰਤੂ ਲੋੜ ਅਨੁਸਾਰ ਇਹਨਾਂ ਨੂੰ ਦਿਨ ਵਿੱਚ ਦੋ ਜਾਂ ਤਿੰਨ ਵਾਰ ਵੀ ਲਿਆ ਜਾ ਸਕਦਾ ਹੈ। ■



# ਕਾਲੂ ਸੁਧਰ ਗਿਆ

– ਮਹਿੰਦਰ ਸਿੰਘ ਸ਼ੇਖਾਵਤ

ਕਾਲੂ ਅੱਠਵੀਂ ਜਮਾਤ ਵਿੱਚ ਪੜ੍ਹਦਾ ਸੀ। ਉਹ ਬਹੁਤ ਆਲਸੀ ਸੀ। ਪੜ੍ਹਾਈ ਵਿੱਚ ਉਸ ਦਾ ਮਨ ਨਹੀਂ ਲੱਗਦਾ ਸੀ। ਇਸ ਲਈ ਉਹ ਸਕੂਲ ਵੀ ਘੱਟ ਹੀ ਜਾਇਆ ਕਰਦਾ ਸੀ। ਕਾਲੂ ਦੀ ਮਾਂ ਘਰ ਵਿੱਚ ਹੀ ਰਹਿੰਦੀ ਸੀ। ਕਾਲੂ ਦੇ ਪਿਤਾ ਜੀ ਇੱਕ ਕਾਰਖਾਨੇ ਵਿੱਚ ਕੰਮ ਕਰਦੇ ਸਨ। ਉਹ ਸਵੇਰੇ ਛੇਤੀ ਜਾਇਆ ਕਰਦੇ ਸਨ ਅਤੇ ਸ਼ਾਮ ਨੂੰ ਦੇਰ ਨਾਲ ਘਰ ਵਾਪਸ ਆਉਂਦੇ ਸਨ।

ਕਾਲੂ ਹਰ ਰੋਜ਼ ਘਰ ਤੋਂ ਆਪਣਾ ਬਸਤਾ ਲੈ ਕੇ ਸਕੂਲ ਲਈ ਨਿਕਲਦਾ ਸੀ ਲੇਕਿਨ ਉਹ ਸਕੂਲ ਵਿੱਚ ਨਾ ਜਾ ਕੇ ਦਿਨਭਰ ਇੱਧਰ-ਉਧਰ ਭਟਕਦਾ ਰਹਿੰਦਾ ਸੀ ਅਤੇ ਸਕੂਲ ਦੀ ਛੁੱਟੀ ਸਮੇਂ ਘਰ ਆ ਜਾਇਆ ਕਰਦਾ ਸੀ। ਕਾਲੂ ਦੇ ਮਾਤਾ-ਪਿਤਾ ਸੋਚਦੇ ਸਨ ਕਿ ਉਹਨਾਂ ਦਾ ਬੇਟਾ ਕਾਲੂ ਰੋਜ਼ਾਨਾ ਸਕੂਲ ਜਾ ਰਿਹਾ ਹੈ।

ਸਕੂਲੋਂ ਨਾਮ ਕੱਟਣ ਦੇ ਡਰ ਨਾਲ ਕਾਲੂ ਕਦੇ-ਕਦੇ ਸਕੂਲ ਵੀ ਚਲੇ ਜਾਇਆ ਕਰਦਾ ਸੀ ਜਿਸ ਦੇ ਕਾਰਣ ਸਕੂਲ ਤੋਂ ਉਸ ਦਾ ਨਾਮ ਨਹੀਂ ਕੱਟਿਆ ਜਾਂਦਾ ਸੀ। ਜਦ ਅਧਿਆਪਕ ਉਸ ਨੂੰ ਪੁੱਛਦੇ ਕਿ ਉਹ ਐਨੇ ਦਿਨ ਗੈਰਹਾਜ਼ਰ ਕਿਉਂ ਰਿਹਾ ਤਾਂ ਉਹ ਬੜੇ ਦੁੱਖੀ ਮਨ ਨਾਲ ਕਹਿ ਦਿੰਦਾ ਸੀ, ਗੁਰੂ ਜੀ ਮੇਰੀ ਮੰਮੀ ਬੀਮਾਰ ਹੈ। ਕਦੇ ਉਹ ਕਹਿ ਦਿੰਦਾ- ਮੇਰੇ ਪਾਪਾ ਬੀਮਾਰ ਹਨ, ਤਾਂ ਕਦੇ ਉਹ ਕਹਿ ਦਿੰਦਾ- ਘਰ ਕੋਈ ਕੰਮ ਪੈ ਗਿਆ ਸੀ।

ਇਸ ਤਰ੍ਹਾਂ ਉਸ ਨੇ ਲਗਭਗ ਪੂਰਾ ਸਾਲ ਗੁਜ਼ਾਰ ਦਿੱਤਾ।

ਆਪਣੇ ਆਲਸ ਅਤੇ ਲਾਪਰਵਾਹੀ ਦੇ ਕਾਰਣ ਪ੍ਰੀਖਿਆ ਵਿੱਚ ਉਸ ਦੇ ਪੇਪਰ ਵੀ ਚੰਗੇ ਨਹੀਂ ਹੋਏ। ਨਤੀਜੇ ਵਜੋਂ ਉਹ ਪ੍ਰੀਖਿਆ ਵਿੱਚੋਂ ਫੇਲ੍ਹ ਹੋ ਗਿਆ।

ਜਦ ਕਾਲੂ ਦੇ ਪਿਤਾ ਜੀ ਨੂੰ ਇਹ ਪਤਾ ਲੱਗਾ ਤਾਂ ਉਹਨਾਂ ਨੂੰ ਬਹੁਤ ਦੁੱਖ ਹੋਇਆ। ਉਹ ਕਿੰਨੀ ਮਿਹਨਤ ਨਾਲ ਇੱਕ-ਇੱਕ ਪੈਸਾ ਬਚਾ ਕੇ ਆਪਣੇ ਲਾਡਲੇ ਨੂੰ ਪੜ੍ਹਾ ਰਹੇ ਸਨ ਅਤੇ ਉਸ ਤੋਂ ਕਿੰਨੀਆਂ ਉਮੀਦਾਂ ਰੱਖੀਆਂ ਸਨ ਲੇਕਿਨ.।

ਕਾਲੂ ਨੇ ਕਦੇ ਇਸ ਵੱਲ ਧਿਆਨ ਹੀ ਨਹੀਂ ਦਿੱਤਾ ਸੀ।

ਕਾਲੂ ਦੇ ਪਿਤਾ ਜੀ ਸੋਚਣ ਲੱਗੇ ਕਿ ਉਹਨਾਂ ਦਾ ਲਾਡਲਾ ਹਰ ਰੋਜ਼ ਸਕੂਲ ਜਾਂਦਾ ਹੈ। ਘਰ ਵਿੱਚ ਵੀ ਉਸ ਤੋਂ ਜ਼ਿਆਦਾ ਕੰਮ ਨਹੀਂ ਕਰਵਾਉਂਦੇ, ਫਿਰ ਉਹ ਫੇਲ੍ਹ ਕਿਵੇਂ ਹੋ ਗਿਆ। ਇਹ ਜਾਣਨ ਲਈ ਉਹ ਇੱਕ ਦਿਨ ਸਕੂਲ ਵਿੱਚ ਆ ਕੇ ਪ੍ਰਿੰਸੀਪਲ ਨੂੰ ਕਾਲੂ ਬਾਰੇ ਪੁੱਛਣ ਲੱਗੇ।

ਜਦ ਪ੍ਰਿੰਸੀਪਲ ਨੇ ਉਹਨਾਂ ਨੂੰ ਕਾਲੂ ਬਾਰੇ ਇਹ ਦੱਸਿਆ ਕਿ ਉਹ ਸਕੂਲ ਵਿੱਚ ਲਗਾਤਾਰ ਨਹੀ ਆਉਂਦਾ ਹੈ, ਇਸ ਲਈ ਫੇਲ੍ਹ ਹੋਇਆ ਹੈ, ਤਾਂ ਉਹਨਾਂ ਨੂੰ ਬਹੁਤ ਦੁੱਖ ਹੋਇਆ। ਉਹਨਾਂ ਨੇ ਪ੍ਰਿੰਸੀਪਲ ਨੂੰ ਦੱਸਿਆ ਕਿ ਉਹ ਤਾਂ ਘਰੋਂ ਹਰ ਰੋਜ਼ ਸਕੂਲ ਆਉਂਦਾ ਹੈ। ਤਦ ਪ੍ਰਿੰਸੀਪਲ ਨੇ ਕਾਲੂ ਨੂੰ ਉਸ ਦੀ ਜਮਾਤ ਵਿੱਚੋਂ ਬੁਲਵਾਇਆ ਅਤੇ ਉਸ ਨੂੰ ਧਮਕਾਇਆ। ਫਿਰ ਉਸ ਨੂੰ ਸਮਝਾਉਂਦੇ ਹੋਏ ਬੋਲੇ - ''ਵੇਖੋ ਬੇਟਾ! ਤੂੰ ਹਮੇਸ਼ਾਂ ਝੂਠ ਬੋਲ-ਬੋਲ ਕੇ ਸਕੂਲ ਨਹੀਂ ਆਏ। ਇਸ ਵਿੱਚ ਨੁਕਸਾਨ ਕਿਸ ਦਾ ਹੋਇਆ? ਇਸ ਨਾਲ ਤੂੰ ਆਪਣੇ ਜੀਵਨ ਦਾ ਇੱਕ ਕੀਮਤੀ ਸਾਲ ਗਵਾ ਦਿੱਤਾ ਹੈ ਅਤੇ ਆਪਣੇ ਪਿਤਾ ਜੀ ਦੀ ਖ਼ੂਨ-ਪਸੀਨੇ ਦੀ ਕਮਾਈ ਵੀ ਗਵਾਈ ਹੈ। ਦੱਸ ਇਸ ਨਾਲ ਤੈਨੂੰ ਕੀ ਲਾਭ ਹੋਇਆ? ਇਹ ਬੁਰੀ ਗੱਲ ਹੈ। ਅਜਿਹੀ ਬੁਰੀ ਆਦਤ ਕਿਸੇ ਵੀ ਵਿਦਿਆਰਥੀ ਨੂੰ ਸ਼ੋਭਾ ਨਹੀਂ ਦਿੰਦੀ ਕਿਉਂਕਿ ਇਸ ਦਾ ਨਤੀਜਾ ਸਦਾ ਹਾਨੀਕਾਰਕ ਹੀ ਹੁੰਦਾ ਹੈ। ਜੇਕਰ ਤੂੰ ਸਕੂਲ ਨਿਯਮਿਤ ਰੂਪ ਨਾਲ ਆਉਂਦਾ, ਮਿਹਨਤ ਕਰਕੇ ਪੜ੍ਹਾਈ ਕਰਦਾ ਤਾਂ ਤੂੰ ਫੇਲ੍ਹ ਨਾ ਹੁੰਦਾ ਅਤੇ ਚੰਗੇ ਨੰਬਰ ਲੈ ਕੇ ਪਾਸ ਹੋ ਕੇ ਅਗਲੀ ਜਮਾਤ ਵਿੱਚ ਚਲੇ ਜਾਂਦਾ ਤਾਂ ਤੇਰਾ ਇੱਕ ਸਾਲ ਬੇਕਾਰ ਨਾ ਹੁੰਦਾ ਅਤੇ ਤੇਰੇ ਪਿਤਾ ਜੀ ਦੀ ਮਿਹਨਤ ਦੀ ਕਮਾਈ ਵੀ ਬੇਕਾਰ ਨਹੀਂ ਜਾਂਦੀ। ਹੁਣ ਤੈਨੂੰ ਫਿਰ ਤੋਂ ਇੱਕ ਸਾਲ ਇਸੇ ਜਮਾਤ ਵਿੱਚ ਪੜ੍ਹਨਾ ਪਏਗਾ ਅਤੇ ਤੇਰੇ ਪਿਤਾ ਜੀ ਨੂੰ ਓਨਾ ਹੀ ਪੈਸਾ ਹੋਰ ਲਗਾਉਣਾ ਪਏਗਾ, ਤੇਰੀ ਇੱਕ ਹੀ ਜਮਾਤ ਲਈ.....।

ਇਹ ਸੁਣ ਕੇ ਕਾਲੂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ। ਹੁਣ ਉਹ ਮਨ ਹੀ ਮਨ ਪਛਤਾਉਣ ਲੱਗਾ- ਕਾਸ਼! ਮੈਂ ਲਗਾਤਾਰ ਸਕੂਲ ਆਉਂਦਾ ਅਤੇ ਮਨ ਲਗਾ ਕੇ ਪੜ੍ਹਾਈ ਕਰਦਾ ਤਾਂ ਅੱਜ ਫੇਲ੍ਹ ਨਹੀਂ ਹੁੰਦਾ ਅਤੇ ਅਗਲੀ ਜਮਾਤ ਵਿੱਚ ਚਲਾ ਜਾਂਦਾ। ਹੁਣ ਮੈਨੂੰ ਇੱਕ ਸਾਲ ਫਿਰ ਇਸ ਜਮਾਤ ਵਿੱਚ ਪੜ੍ਹਨਾ ਪਏਗਾ। ਸੋਚਦੇ-ਸੋਚਦੇ ਉਸ ਨੇ ਮਨ ਹੀ ਮਨ ਦ੍ਰਿੜ ਨਿਸ਼ਚਾ ਕੀਤਾ ਕਿ ਹੁਣ ਉਹ ਅਜਿਹੀ ਗਲਤੀ ਨਹੀਂ ਕਰੇਗਾ ਅਤੇ ਅਗੇ ਤੋਂ ਮਨ ਲਗਾ ਕੇ ਪੜ੍ਹਾਈ ਕਰੇਗਾ। ਫਿਰ ਉਸ ਨੇ ਪ੍ਰਿੰਸੀਪਲ ਅਤੇ ਆਪਣੇ ਪਿਤਾ ਜੀ ਤੋਂ ਮਾਫ਼ੀ ਮੰਗੀ ਅਤੇ ਭਵਿੱਖ ਵਿੱਚ ਕਦੇ ਅਜਿਹੀ ਗਲਤੀ ਨਾ ਕਰਨ ਦਾ ਪ੍ਰਣ ਲਿਆ।

ਇਸ ਦੇ ਬਾਦ ਕਾਲੂ ਨੇ ਕਦੇ ਅਜਿਹੀ ਗਲਤੀ ਨਹੀਂ ਕੀਤੀ ਅਤੇ ਫਿਰ ਲਗਾਤਾਰ ਉਹ ਸਖ਼ਤ ਮਿਹਨਤ ਕਰਦੇ ਹੋਏ ਸਾਰੀਆਂ ਜਮਾਤਾਂ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਣ ਲੱਗਾ।

ਹੁਣ ਉਸ ਦੇ ਮਾਤਾ-ਪਿਤਾ ਅਤੇ ਅਧਿਆਪਕ ਖੁਸ਼ ਸਨ। ■

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

1. ਅਰਜੁਨ
2. ਰਾਜਸਥਾਨ
3. ਤਹਿਰਾਨ
4. ਸ਼ਤਰੂਘਨ
5. ਲਾਰਡ ਇਰਵਨ
6. ਵਾਮਨ
7. ਆਕਸੀਜਨ
8. ਰਾਮਕ੍ਰਿਸ਼ਣ ਮਿਸ਼ਨ
9. ਰਾਜੀਵ ਗਾਂਧੀ ਖੇਡ ਰਤਨ
10. ਸਰਵਪੱਲੀ ਰਾਧਾਕ੍ਰਿਸ਼ਣਨ
11. ਪਾਕਿਸਤਾਨ
12. ਅਬਦੁੱਲ ਗੱਫ਼ਾਰ ਖਾਨ
13. ਤੀਨਮੂਰਤੀ ਭਵਨ
14. ਸਿਲੋਨ

ਬਾਲ ਕਹਾਣੀ



# ਉਚੱਾ ਬੋਲ ਨਾ ਬੋਲੀਏ

– ਬਲਜਿੰਦਰ ਨਿਰੰਕਾਰੀ

ਆਦਮੀ ਦੀ ਭੁੱਖ ਜੰਗਲਾਂ ਨੂੰ ਮੁਕਾਈ ਜਾ ਰਹੀ ਹੈ। ਸਾਡੇ ਲਈ ਰੈਣ ਬਸੇਰਾ ਕਰਨਾ ਆਏ ਦਿਨ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਹਨਾਂ ਆਦਮੀਆਂ ਨੂੰ ਕਿਵੇਂ ਸਮਝਾਈਏ ਕਿ ਇਹਨਾਂ ਜੰਗਲਾਂ ਬਗੈਰ ਅਸੀਂ ਖਤਮ ਹੋਈ ਜਾ ਰਹੇ ਹਾਂ। ਉਸੇ ਤਰ੍ਹਾਂ ਇਸ ਧਰਤੀ ਤੋਂ ਮਨੁੱਖ ਜਾਤੀ ਵੀ ਖਤਮ ਹੋ ਜਾਵੇਗੀ। ਜੰਗਲ ਦੇ ਜਾਨਵਰ ਇੱਕ ਥਾਂ ਬੈਠੇ ਭੈਭੀਤ ਹੋਏ ਗੱਲਾਂ ਕਰ ਰਹੇ ਸਨ। ਜਿਥੇ ਉਹਨਾਂ ਨੂੰ ਦਰੱਖਤਾਂ ਦੀ ਕਟਾਈ ਦੀ ਟਕ-ਟਕ ਸਾਫ਼ ਸੁਣਾਈ ਦਿੰਦੀ ਸੀ।

ਹੁਣ ਉਹਨਾਂ ਨੂੰ ਚਿੰਤਾ ਖਾਈ ਜਾ ਰਹੀ ਸੀ ਕਿ ਛੇਤੀ ਹੀ ਉਹਨਾਂ ਦੇ ਜੰਗਲ ਦੀ ਵਾਰੀ ਆ ਜਾਣੀ ਹੈ। ਉਹ ਕਿੱਥੇ ਜਾਣਗੇ। ਇੱਕ ਖਰਗੋਸ਼ ਆਪਣੇ ਬੱਚਿਆਂ ਨੂੰ ਪਲੋਸਦਾ ਹੋਇਆ ਅੱਥਰੂ ਵਹਾਅ ਰਿਹਾ ਸੀ। ਦੂਜੇ ਪਾਸੇ ਡਰ ਦੇ ਮਾਰੇ ਗਿੱਦੜ ਵੀ ਇੱਕ ਝਾੜੀ ਨਾਲ ਲੱਗ ਕੇ ਚਿੰਤਾ ਦੇ ਸਾਗਰ ਵਿਚ ਡੁੱਬਿਆ ਹੋਇਆ ਸੀ। ਅਜਿਹੇ ਹੋਰ ਕਈ ਜਾਨਵਰ ਵੀ ਭੈਭੀਤ ਹੋਏ ਬੈਠੇ ਸਨ।

ਨਿੱਕੇ ਜਿਹੇ ਜੰਗਲ ਵਿੱਚ ਇੱਕ ਛੱਪੜ ਸੀ ਜਿਸ ਵਿੱਚ ਮੱਛੀਆਂ ਡੱਡੂ ਅਤੇ ਹੋਰ ਪਾਣੀ ਵਾਲੇ ਜਾਨਵਰ ਰਹਿੰਦੇ ਸਨ। ਹਲਕੀ ਜਿਹੀ ਵਰਖਾ ਆਈ ਡੱਡੂਆਂ ਨੇ ਟਰੈਂ-ਟਰੈਂ ਨਾਲ ਸਾਰਾ ਜੰਗਲ ਸਿਰ ਤੇ ਚੁੱਕ ਲਿਆ। ਇੱਕ ਸਿਆਣੇ ਡੱਡੂ ਨੇ ਸਮਝਾਇਆ – ਬਈ ਸਾਨੂੰ ਉਚੀ ਨਹੀਂ ਬੋਲਣਾ ਚਾਹੀਦਾ। ਜੇ ਗੱਲਬਾਤ ਕਰਨੀ ਹੈ ਤਾਂ ਸਾਨੂੰ ਆਪਸ ਵਿੱਚ ਹੀ ਸੁਣਾਈ ਦੇਣੀ ਚਾਹੀਦੀ ਹੈ। ਕਿਸੇ ਨੂੰ ਇਸ ਦਾ ਪਤਾ ਨਹੀਂ ਲੱਗਣਾ ਚਾਹੀਦਾ। ਤੇ ਨਾ ਹੀ ਰੌਲਾ ਪਾ ਕੇ ਕਿਸੇ ਨੂੰ ਤੰਗੀ ਦੇਣੀ ਚਾਹੀਦੀ ਹੈ।

''ਆਇਆ ਵੱਡਾ ਸਿਆਣਾ ਕਿਸੇ ਨੂੰ ਤੰਗੀ ਨਹੀਂ ਦੇਣੀ ਚਾਹੀਦੀ, ਕੀ ਅਸੀਂ ਖੁਸ਼ੀ ਵੀ ਨਹੀ ਮਨਾ ਸਕਦੇ। ਮੈਂ ਇਸ ਛੱਪੜ ਦਾ ਰਾਜਾ ਹਾਂ। ਜੋ ਮਰਜੀ ਕਰਾਂ, ਜਿਵੇਂ ਮਰਜੀ ਕਰਾਂ, ਤੈਨੂੰ ਕੀ। ''ਹੰਕਾਰ ਦੇ ਮਾਰੇ ਨੌਜਵਾਨ ਡੱਡੂ ਨੇ ਆਪਣੇ ਵੱਡੇ ਦਾ ਸਤਿਕਾਰ ਭੁਲ ਕੇ ਜੋ ਮੂੰਹ ਵਿੱਚ ਆਇਆ ਉਹ ਬੋਲ ਦਿੱਤਾ।

ਦੇਖ ਬੇਟੇ ਸਿਆਣਾ ਹੋਣ ਕਰਕੇ ਮੇਰੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਨਵੀ ਪਨੀਰੀ ਨੂੰ ਚੰਗੀ ਗੱਲ ਸਮਝਾਵਾਂ। ਜੇਕਰ ਤੁਸੀਂ ਇਹ ਗੱਲ ਨਹੀਂ ਸਮਝਣੀ ਤਾਂ ਆਪਣਾ ਭਲਾ ਬੁਰਾ ਆਪ ਵਿਚਾਰੋ। ਉਹ ਪਾਣੀ ਵਿੱਚ ਟਪੂਸੀ ਮਾਰ ਗਿਆ।

ਉਹ ਨੌਜਵਾਨ ਡੱਡੂ ਛੜੱਪੇ ਮਾਰਦਾ ਤੇ ਰੌਲਾ ਪਾਉਂਦਾ ਆਪਣੇ ਸਾਥੀਆਂ ਨਾਲ ਹੋਰ ਉਚੀ-ਉਚੀ ਟਰੈਂ-ਟਰੈਂ ਕਰਨ ਲੱਗ ਪਿਆ।


ਇਹ ਅਵਾਜ਼ ਜਦ ਬਗਲੇ ਦੇ ਕੰਨੀ ਪਈ ਤਾਂ ਉਸ ਨੇ ਸਿੱਧੀ ਛੱਪੜ ਵੱਲ ਨੂੰ ਉਡਾਰੀ ਮਾਰ ਲਈ। ਉਹ ਭੰਗੜਾ ਪਾਉਂਦੇ ਡੱਡੂਆਂ ਨੂੰ ਵੇਖ ਕੇ ਬਹੁਤ ਖੁਸ਼ ਹੋਇਆ। ਮੋਟੇ ਤਾਜੇ ਡੱਡੂ ਵੇਖ ਕੇ ਉਸ ਦੇ ਮੂੰਹ ਵਿੱਚ ਪਾਣੀ ਆ ਗਿਆ। ਉਸ ਨੇ ਸਭ ਤੋਂ ਪਹਿਲਾਂ ਜ਼ਿਆਦਾ ਰੌਲਾ ਪਾਉਣ ਵਾਲੇ ਡੱਡੂ ਨੂੰ ਝਪਟ ਲਿਆ ਜਿਸ ਨੇ ਆਪਣੇ ਸਿਆਣੇ ਬਜ਼ੁਰਗ ਦੀ ਗੱਲ ਨਹੀਂ ਮੰਨੀ ਸੀ।

ਉਸ ਗੱਭਰੂ ਡੱਡੂ ਦੇ ਸਾਥੀ ਸੋਗ ਵਿੱਚ ਡੁੱਬ ਗਏ ਅਤੇ ਉਸ ਦਾ ਮਾਤਮ ਮਨਾਉਣ ਲੱਗੇ। ਉਸ ਦੇ ਸਾਥੀ ਵੀ ਸਿਆਣੇ ਦੀ ਗੱਲ ਫਿਰ ਭੁੱਲ ਗਏ ਕਿ ਸਾਨੂੰ ਕੋਈ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਸਾਡੇ ਆਲੇ-ਦੁਆਲੇ ਦੇ ਵਾਸੀਆਂ ਨੂੰ ਕੋਈ ਪ੍ਰੇਸ਼ਾਨੀ ਹੋਵੇ। ਉਚੀ-ਉਚੀ ਰੋਣ ਦੀ ਆਵਾਜ਼ ਨੇ ਇੱਕ ਵਾਰ ਫਿਰ ਸਾਰਾ ਜੰਗਲ ਸਿਰ ਤੇ ਚੁੱਕ ਲਿਆ।

ਇਸ ਛੱਪੜ ਵਿੱਚ ਮੱਛੀਆਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਸੀ। ਜੰਗਲ ਦੇ ਵਿਚਕਾਰ ਹੋਣ ਕਰਕੇ ਇਥੇ ਕੋਈ ਸ਼ਿਕਾਰੀ ਵੀ ਨਹੀਂ ਸੀ ਆਇਆ।

ਡੱਡੂਆਂ ਦੇ ਚੀਕ ਚਿਹਾੜ੍ਹੇ ਨਾਲ ਜੰਗਲ ਵਿੱਚ ਫਿਰਦੇ ਸ਼ਿਕਾਰੀਆਂ ਨੂੰ ਇਸ ਗੱਲ ਦਾ ਵੀ ਪਤਾ ਲਗ ਗਿਆ ਕਿ ਇੱਥੇ ਕੋਈ ਛੱਪੜ ਵੀ ਹੈ। ਜਦੋਂ ਉਹ ਉਥੇ ਪੁੱਜੇ ਤਾਂ ਉਹਨਾਂ ਵੇਖਿਆ ਕਿ ਪਾਣੀ ਨਾਲ ਭਰੇ ਇਸ ਛੱਪੜ ਵਿੱਚ ਮੱਛੀਆਂ ਦਾ ਅਥਾਹ ਭੰਡਾਰ ਹੋਵੇਗਾ। ਉਹਨਾਂ ਨੇ ਆਪਣਾ ਮੱਛੀਆਂ ਫੜ੍ਹਨ ਵਾਲਾ ਜਾਲ ਛੱਪੜ ਵਿੱਚ ਸੁੱਟ ਦਿੱਤਾ।

ਜਦੋਂ ਉਹਨਾਂ ਨੇ ਕੁੱਝ ਸਮੇਂ ਬਾਅਦ ਜਾਲ ਬਾਹਰ ਕੱਢਿਆ ਤਾਂ ਮੱਛੀਆਂ ਦੇ ਨਾਲ ਕੁੱਝ ਡੱਡੂ ਵੀ ਜਾਲ ਵਿੱਚ ਫੱਸ ਕੇ ਬਾਹਰ ਆ ਗਏ ਸਨ। ਸ਼ਿਕਾਰੀਆਂ ਨੇ ਮੱਛੀਆਂ ਤਾਂ ਜਾਲ ਵਿੱਚੋਂ ਕੱਢ ਕੇ ਆਪਣੇ ਬੋਰੇ ਵਿੱਚ ਪਾ ਲਈਆਂ ਪਰ ਜਦੋਂ ਡੱਡੂ ਫਿਰ ਛੱਪੜ ਵਿੱਚ ਛਲਾਂਗ ਲਗਾਣ ਲੱਗੇ ਤਾਂ ਬਗਲਿਆ ਨੇ ਉਹਨਾਂ ਵਿਚੋਂ ਇੱਕ ਨੂੰ ਵੀ ਪਾਣੀ ਵਿੱਚ ਛਾਲ ਨਾ ਮਾਰਨ ਦਿੱਤੀ, ਸਾਰੇ ਡੱਡੂਆਂ ਨੂੰ ਫੜ ਕੇ ਚਟ ਕਰ ਗਏ । ■



# ਬੱਚਿਆਂ ਦਾ ਸੁਪਨਾ

– ਕ੍ਰਿਸ਼ਣ ਸ਼ਰਮਾ

ਅਸੀਂ ਬੱਚੇ ਕਰਦੇ ਹਾਂ ਐਲਾਨ,
ਭਾਰਤ ਹੋਵੇਗਾ ਜਗ ਵਿੱਚ ਮਹਾਨ।

ਇਹ ਦੇਸ਼ ਹੈ ਨਿਡੱਰ ਵੀਰਾਂ ਦਾ,
ਮੁਨੀਆਂ ਗੁਣਵਾਨ ਫਕੀਰਾਂ ਦਾ।
ਇਸ ਦਾ ਕੋਈ ਕੀ ਕਰੇ ਬਿਆਨ,
ਇਹ ਦੇਸ਼ ਗੁਣਾਂ ਦੀ ਹੈ ਖਾਨ।
ਅਸੀਂ ਬੱਚੇ ਕਰਦੇ ਹਾਂ ਐਲਾਨ,
ਭਾਰਤ ਹੋਵੇਗਾ ਜਗ ਵਿੱਚ ਮਹਾਨ।

ਆਉ ਬੱਚਿਉ ਅਸੀਂ ਇਹ ਠਾਣੀਏ,
ਹਰ ਮਾਨਵ ਨੂੰ ਆਪਣਾ ਮੰਨੀਏ।
ਹਿੰਦੂ-ਮੁਸਲਿਮ ਹੈ ਸਭ ਇਨਸਾਨ,
ਸਿਖ-ਈਸਾਈ ਇਸ ਦੀ ਸ਼ਾਨ।
ਅਸੀਂ ਬੱਚੇ ਕਰਦੇ ਹਾਂ ਐਲਾਨ,
ਭਾਰਤ ਹੋਵੇਗਾ ਜਗ ਵਿੱਚ ਮਹਾਨ।

ਦੇਸ਼-ਧਰੋਹੀਆਂ ਨੂੰ ਮਜਾ ਚਖਾਈਏ,
ਭਾਰਤ ਦੁਸ਼ਮਣ ਰਹਿਤ ਬਣਾਈਏ।
ਤਦੇ ਆ ਸਕਣਗੇ ਮਹਿਮਾਨ,
ਕਰਨਗੇ ਭਾਰਤ ਦਾ ਗੁਣਗਾਨ।
ਅਸੀਂ ਬੱਚੇ ਕਰਦੇ ਹਾਂ ਐਲਾਨ,
ਭਾਰਤ ਹੋਵੇਗਾ ਜਗ ਵਿੱਚ ਮਹਾਨ।



# ਰੰਗ ਭਰੋ





ਨਾਂ ........................................................ ਉਮਰ ......

ਪੂਰਾ ਪਤਾ ...............................................................

..............................................................................

# ਅਗਸਤ 2023 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਨਿਹਾਰਿਕਾ (ਉਮਰ 8 ਸਾਲ)
ਵੀ.ਪੀ.ਓ. ਨਾਨਕ ਨਗਰੀ
ਜਿਲਾ : ਕਪੂਰਥਲਾ (ਪੰਜਾਬ)

**ਦੂਸਰਾ ਨੰ:**

ਸ਼ੁਭਮ (ਉਮਰ 11 ਸਾਲ)
ਵੀ.ਪੀ.ਓ. ਮੁਹੱਲਾ ਪੁਰ ਹੀਰਾਂ
ਵਾਰਡ ਨੰ: 18
ਜਿਲਾ : ਹੁਸ਼ਿਆਰਪੁਰ (ਪੰਜਾਬ)

**ਤੀਸਰਾ ਨੰ:**

ਦੀਪਾ ਕਲੇਰ (ਉਮਰ 12 ਸਾਲ)
ਵੀ.ਪੀ.ਓ. ਫਗਵਾੜਾ, ਗਲੀ ਨੰ: 2
ਜ਼ਿਲਾ : ਕਪੂਰਥਲਾ (ਪੰਜਾਬ)



## ਪਸੰਦ ਕੀਤੇ ਗਏ –

ਸੁਹਾਨੀ ਗੁਪਤਾ (ਹੁਸ਼ਿਆਰਪੁਰ),
ਪ੍ਰੇਰਣਾ (ਬੇਦੀ ਨਗਰ),
ਪ੍ਰਭਜੋਤ ਕੌਰ (ਭੈਰੋਮਾਜਰਾ),
ਅਰਸ਼ਦੀਪ ਸਿੰਘ (ਰੂਪੋਵਾਲ),
ਹਰਸ਼ਪ੍ਰੀਤ ਕੌਰ (ਕੁਰਾਲੀ),
ਗੁਰਵਿੰਦਰ (ਜ਼ੀਰਾ),
ਸੁਖਪ੍ਰੀਤ ਸਿੰਘ (ਮਾਨਸਾ),
ਸ਼ੁਭਪ੍ਰੀਤ (ਅੰਮ੍ਰਿਤਸਰ),
ਵਿਦਿਤ ਬਜਾਜ (ਖੁਸ਼ਹਾਲਪੁਰ),
ਨਵਪ੍ਰੀਤ ਕੌਰ (ਕਪੂਰਥਲਾ),
ਨਿਹਾਰਿਕਾ (ਲੁਧਿਆਣਾ),
ਗੁਰਮੁਖ ਨੂਰ (ਗੁਮਟਾਲਾ),
ਸਹਿਜ ਬਾਂਸਲ (ਪਾਤੜਾਂ),
ਸਮੀਪਤਾ ਖੁਰਾਣਾ (ਜਲੰਧਰ),
ਭਾਵੇਸ਼ ਬਾਂਸਲ (ਰਾਏਕੋਟ),
ਜਸਪ੍ਰੀਤ ਕੌਰ (ਬੋਹਾ),
ਸਿਦਕ ਭਾਟੀਆ (ਦੋਰਾਹਾ),
ਪ੍ਰਵੀਨ ਕੌਰ (ਨਾਨਕ ਨਗਰੀ)

# ਅਕਤੂਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਅਕਤੂਬਰ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਦਸੰਬਰ 2023 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

# ਬੁਝਾਰਤਾਂ

– ਪੇਸ਼ਕਸ਼ : ਰਾਧਾ ਨਾਚੀਜ਼

1. ਮੁੱਖ ਤੋਂ ਸਦਾ ਮੈਨੂੰ ਬੋਲੋ,
ਤਾਂ ਤੁਹਾਡਾ ਹੈ ਸਨਮਾਨ।
ਉਸ ਦਾ ਕਦੇ ਨਾ ਬੁਰਾ ਹੋਵੇ,
ਜਿਸ ਨੇ ਮੈਨੂੰ ਲਿਆ ਪਹਿਚਾਨ।

2. ਇੱਕ ਕਿਲੇ ਵਿੱਚ ਚੋਰ ਵਸੇ ਹਨ,
ਸਭ ਦਾ ਮੂੰਹ ਹੈ ਕਾਲਾ।
ਪੂਛ ਫੜ ਕੇ ਅੱਗ ਲਗਾਈ,
ਝੱਟ ਕਰ ਦਿੱਤਾ ਉਜਾਲਾ।

3. ਇੱਕ ਨਾਰੀ ਦਾ ਮੈਲਾ ਰੰਗ,
ਸੱਜਦੀ ਹੈ ਉਹ ਪੀਆ ਸੰਗ।
ਰੋਸ਼ਨੀ ਵਿੱਚ ਨਾਲ ਬਿਰਾਜੇ,
ਹਨ੍ਹੇਰੇ ਵਿੱਚ ਛੱਡ ਕੇ ਭੱਜੇ।

4. ਇੱਕ ਅਨੋਖੀ ਅਜਿਹੀ ਚੀਜ਼,
ਉਜਲੀ ਧਰਤੀ ਕਾਲਾ ਬੀਜ਼।
ਜੋ ਹਨ ਇਸ ਨੂੰ ਕਰਦੇ ਪਿਆਰ,
ਉਹ ਬਣ ਜਾਂਦੇ ਨੇ ਹੁਸ਼ਿਆਰ।

5. ਇੱਕ ਵੱਡੀ ਇੱਕ ਛੋਟੀ ਨਾਰ,
ਇੱਕ ਹੀ ਨਾਮ ਰੱਖਿਆ ਕਰਤਾਰ।
ਛੋਟੀ ਜ਼ਿਆਦਾ ਮਹਿੰਗੀ ਆਏ,
ਮੂੰਹ ਨੂੰ ਪਲ ਵਿੱਚ ਤਰ ਕਰ ਜਾਏ।

6. ਇੱਕ ਬਾਗ ਵਿੱਚ ਫੁੱਲ ਅਨੇਕ,
ਉਹਨਾਂ ਫੁੱਲਾਂ ਦਾ ਰਾਜਾ ਇੱਕ।
ਬਾਗ ਵਿੱਚ ਜਦੋਂ ਚੰਨ ਆਏ,
ਬਾਗ ਚਮ-ਚਮ ਖਿੜ-ਖਿੜ ਜਾਏ।

7. ਇੱਕ ਵਸਤੂ ਨੂੰ ਅਸੀਂ ਵੇਖਿਆ,
ਛਾਤੀ ਰੰਗ-ਰੰਗੀਲੀ।
ਬਿਨਾ ਮੂੰਹ ਗਾਵੇ ਰਾਗ-ਰਾਗਨੀ,
ਜੋ ਹੋਵੇ ਬੜੀ ਰਸੀਲੀ।

8. ਘਰ ਵਿੱਚ ਉਛਲਕੂਦ ਕਰਦਾ,
ਨੀਲੀਆਂ ਅੱਖਾਂ ਤੋਂ ਮੈਂ ਡਰਦਾ।
ਘਰ ਵਿੱਚ ਜੋ ਕੁੱਝ ਮਿਲ ਜਾਂਦਾ,
ਕੁਤਰ-ਕੁਤਰ ਉਸ ਨੂੰ ਖਾ ਜਾਂਦਾ।

9. ਪੋਰਟਲੈਂਡ ਸੀਮੈਂਟ ਜਿਸ ਨਾਲ,
ਬਣਦੇ ਇਮਾਰਤ ਅਤੇ ਮਕਾਨ।
ਨਾਮ ਦੱਸੋ ਉਸ ਵਿਗਿਆਨਕ ਦਾ,
ਜਿਸ ਨੇ ਕੀਤੀ ਖੋਜ ਮਹਾਨ।

### ਬੁਝਾਰਤਾਂ ਦੇ ਉੱਤਰ

1.ਸੱਚ 2.ਤੀਲਾਂ ਵਾਲੀ ਡੱਬੀ 3.ਪਰਛਾਵਾਂ
4.ਕਿਤਾਬ 5.ਇਲਾਚੀ 6.ਆਕਾਸ਼ ਵਿੱਚ ਚੰਦਰਮਾ
7.ਹਾਰਮੋਨੀਅਮ 8.ਚੂਹਾ 9.ਜੋਸੈਫ ਏਸਪਡਿਨ



# ਕਰਮ ਹੀ ਹੈ ਜੀਵਨ ਦਾ ਆਧਾਰ

– ਸੀਤਾਰਾਮ ਗੁਪਤਾ

ਆਕਾਸ਼ ਵਿੱਚ ਬੱਦਲ ਛਾਏ ਹੋਏ ਸਨ। ਰਿੰਮਝਿਮ-ਰਿੰਮਝਿਮ ਬੂੰਦਾਂ ਪੈ ਰਹੀਆਂ ਸਨ। ਅਜਿਹੇ ਮੌਸਮ ਵਿੱਚ ਜੰਗਲ ਵਿੱਚ ਇੱਕ ਮੋਰ ਆਨੰਦਿਤ ਹੋ ਕੇ ਨੱਚ ਰਿਹਾ ਸੀ। ਉਸ ਦੇ ਖ਼ੂਬਸੂਰਤ ਖੰਭ ਇੰਦਰਧਨੁਸ਼ੀ ਨਜ਼ਾਰਾ ਪੇਸ਼ ਕਰ ਰਹੇ ਸਨ। ਉਥੋਂ ਲੰਘਣ ਵਾਲਾ ਇੱਕ ਵਿਅਕਤੀ ਰੁਕ ਕੇ ਇਹ ਸੁੰਦਰ ਦ੍ਰਿਸ਼ ਵੇਖਣ ਲੱਗਾ। ਅਚਾਨਕ ਮੋਰ ਦੀ ਨਜ਼ਰ ਉਸ ਵਿਅਕਤੀ ਤੇ ਪਈ। ਉਸ ਵਿਅਕਤੀ ਦੇ ਹੱਥ ਵਿੱਚ ਇੱਕ ਥੈਲਾ ਸੀ। ਮੋਰ ਨੇ ਪੁੱਛਿਆ ਤੂੰ ਕਿਥੇ ਜਾ ਰਿਹਾ ਹੈ ਅਤੇ ਤੇਰੇ ਹੱਥ ਵਿੱਚ ਕੀ ਹੈ?

ਵਿਅਕਤੀ ਨੇ ਕਿਹਾ ਕਿ ਮੈਂ ਬਜ਼ਾਰ ਜਾ ਰਿਹਾ ਹਾਂ ਅਤੇ ਮੇਰੇ ਹੱਥ ਵਿੱਚ ਜੋ ਥੈਲਾ ਹੈ ਉਸ ਵਿੱਚ ਅਨਾਜ਼ ਭਰਿਆ ਹੋਇਆ ਹੈ। ਮੈਂ ਇਹ ਅਨਾਜ਼ ਵੇਚ ਕੇ ਇੱਕ ਸੁੰਦਰ-ਜਿਹਾ ਖੰਭ ਖ਼੍ਰੀਦ ਕੇ ਲਿਆਊਂਗਾ ਅਤੇ ਉਸ ਨੂੰ ਆਪਣੇ ਘਰ ਵਿੱਚ ਸਜਾਊਂਗਾ।

ਇਹ ਸੁਣ ਕੇ ਮੋਰ ਬੋਲਿਆ, ''ਵੇਖੋ ਮੇਰੇ ਖੰਭ ਵੀ ਬਹੁਤ ਸੁੰਦਰ ਹਨ। ਮੈਨੂੰ ਭੋਜਨ ਦੀ ਭਾਲ ਵਿੱਚ ਦਿਨ-ਭਰ ਇੱਧਰ-ਉਧਰ ਭਟਕਣਾ ਪੈਂਦਾ ਹੈ। ਜੇ ਕਰ ਤੂੰ ਮੈਨੂੰ ਅਨਾਜ਼ ਦੇ ਦੇ ਤਾਂ ਮੈਂ ਤੈਨੂੰ ਆਪਣਾ ਖ਼ੂਬਸੂਰਤ ਖੰਭ ਦੇ ਦੇਵਾਂਗਾ।'' ਵਿਅਕਤੀ ਨੂੰ ਇਹ ਸੌਦਾ ਪਸੰਦ ਆਇਆ। ਉਸ ਨੇ ਅਨਾਜ ਮੋਰ ਨੂੰ ਦੇ ਦਿੱਤਾ ਅਤੇ ਖੰਭ ਲੈ ਕੇ ਖ਼ੁਸ਼ੀ-ਖ਼ੁਸ਼ੀ ਆਪਣੇ ਘਰ ਚਲਾ ਗਿਆ।

ਹੁਣ ਤਾਂ ਉਹ ਵਿਅਕਤੀ ਰੋਜ਼ ਹੀ ਅਨਾਜ਼ ਲੈ ਕੇ ਮੋਰ ਦੇ ਕੋਲ ਆਉਂਦਾ ਅਤੇ ਅਨਾਜ਼ ਦੇ ਬਦਲੇ ਵਿੱਚ ਖੰਭ ਲੈ ਕੇ ਖ਼ੁਸ਼ੀ-ਖ਼ੁਸ਼ੀ ਆਪਣੇ ਘਰ ਚਲਾ ਜਾਂਦਾ। ਮੋਰ ਵੀ ਬਹੁਤ ਖ਼ੁਸ਼ ਰਹਿਣ ਲੱਗਾ। ਹੁਣ ਉਸ ਨੂੰ ਭੋਜਨ ਦੀ ਭਾਲ ਵਿੱਚ ਦਿਨ-ਭਰ ਇੱਧਰ-ਉਧਰ ਭਟਕਣਾ ਨਹੀਂ ਪੈਂਦਾ ਸੀ। ਦਿਨ ਭਰ ਆਪਣੀ ਚੁੰਝ ਨਾਲ ਅਨਾਜ ਦੇ ਦਾਣੇ ਚੁਗਦਾ ਰਹਿੰਦਾ ਅਤੇ

ਆਰਾਮ ਨਾਲ ਪਿਆ ਰਹਿੰਦਾ। ਹੌਲੀ-ਹੌਲੀ ਉਸ ਦੇ ਖੰਭ ਘੱਟ ਹੋਣ ਲੱਗੇ ਅਤੇ ਇਕ ਦਿਨ ਉਸ ਦੇ ਸਾਰੇ ਖੰਭ ਹੀ ਖਤਮ ਹੋ ਗਏ। ਜਦ ਖੰਭ ਖਤਮ ਹੋ ਗਏ ਤਾਂ ਉਸ ਵਿਅਕਤੀ ਨੇ ਅਨਾਜ਼ ਲੈ ਕੇ ਆਉਣਾ ਛੱਡ ਦਿੱਤਾ। ਇੱਕ ਦਿਨ ਮੋਰ ਦਾ ਵੀ ਸਾਰਾ ਅਨਾਜ਼ ਖ਼ਤਮ ਹੋ ਗਿਆ ਜੋ ਉਸ ਵਿਅਕਤੀ ਦੁਆਰਾ ਦਿੱਤਾ ਗਿਆ ਸੀ। ਹੁਣ ਮੋਰ ਨੂੰ ਭੁੱਖ ਲੱਗੀ ਤਾਂ ਉਸ ਨੇ ਫੈਸਲਾ ਕੀਤਾ ਕਿ ਕਿਤੇ ਨੇੜੇ-ਤੇੜੇ ਜਾ ਕੇ ਦਾਣਾ-ਦੁਣਕਾ ਚੁਗਦਾ ਹਾਂ। ਮੋਰ ਨੇ ਉਡਣ ਦਾ ਯਤਨ ਕੀਤਾ ਲੇਕਿਨ ਉਹ ਤਾਂ ਉਡ ਹੀ ਨਹੀਂ ਪਾ ਰਿਹਾ ਸੀ। ਉਡੇ ਵੀ ਕਿਵੇਂ? ਹੁਣ ਉਸ ਦੇ ਕੋਲ ਇੱਕ ਵੀ ਖੰਭ ਤਾਂ ਨਹੀਂ ਬਚਿਆ ਸੀ। ਉਸ ਨੇ ਆਪਣੇ ਸਰੀਰ ਤੇ ਇੱਕ ਝਾਤ ਮਾਰੀ ਤਾਂ ਵੇਖਿਆ ਕਿ ਖੰਭਾਂ ਦੇ ਬਿਨਾਂ ਉਹ ਕਿੰਨਾ ਬਦਸੂਰਤ ਲੱਗ ਰਿਹਾ ਹੈ। ਇੱਕ ਹੀ ਥਾਂ ਪਏ-ਪਏ ਅਤੇ ਆਰਾਮ ਨਾਲ ਸਾਰਾ ਦਿਨ ਖਾਂਦੇ ਰਹਿਣ ਦੀ ਵਜ੍ਹਾ ਨਾਲ ਉਸ ਦਾ ਸਰੀਰ ਵੀ ਭਾਰੀ ਅਤੇ ਥੁਲਥੁਲਾ ਹੋ ਗਿਆ ਸੀ।

ਮੋਰ ਨੇ ਘਰ ਬੈਠੇ ਦਾਣਿਆਂ ਦੇ ਲਾਲਚ ਵਿੱਚ ਆਪਣੀ ਸੁੰਦਰਤਾ ਹੀ ਨਹੀਂ ਬਲਕਿ ਆਪਣੀ ਉਡਣ ਦੀ ਤਾਕਤ ਵੀ ਵੇਚ ਦਿੱਤੀ ਸੀ ਅਤੇ ਨਾਲ ਹੀ ਆਪਣੀ ਚੰਚਲਤਾ ਅਤੇ ਕਰਮਸ਼ੀਲਤਾ ਤੋਂ ਹੱਥ ਧੋ ਬੈਠਾ ਸੀ। ਉਹ ਅਕਸਰ ਭੁੱਖਾ-ਪਿਆਸਾ ਪਿਆ ਰਹਿੰਦਾ। ਉਸ ਦਾ ਨਾਚ ਵੀ ਬੰਦ ਹੋ ਗਿਆ ਸੀ ਕਿਉਂਕਿ ਨਾ ਤਾਂ ਉਸ ਦੇ ਕੋਲ ਖੰਭ ਸਨ ਅਤੇ ਨਾ ਹੀ ਨੱਚਣ ਦੀ ਸ਼ਕਤੀ ਉਸ ਵਿੱਚ ਬਾਕੀ ਬਚੀ ਸੀ। ਆਪਣੀ ਇਸ ਹਾਲਤ ਦੇ ਕਾਰਣ ਉਹ ਬਹੁਤ ਦੁੱਖੀ ਰਹਿਣ ਲੱਗਾ। ਕਮਜ਼ੋਰੀ ਦੇ ਕਾਰਣ ਛੇਤੀ ਹੀ ਉਹੀ ਮੌਤ ਦੇ ਮੂੰਹ ਵਿੱਚ ਚਲਾ ਗਿਆ।

ਉਸ ਨਾਲ ਇੰਝ ਕਿਉਂ ਹੋਇਆ? ਕਿਉਂਕਿ ਉਸ ਨੇ ਕਰਮ ਕਰਨਾ ਛੱਡ ਦਿੱਤਾ ਸੀ। ਮੋਰ ਦੀ ਸੁੰਦਰਤਾ ਅਤੇ ਉਸ ਦੇ ਜੀਵਨ ਦਾ ਆਧਾਰ ਉਸ ਦੇ ਖੰਭਾਂ ਅਤੇ ਨਾਚ ਵਿੱਚ ਹੈ, ਅਰਾਮਪ੍ਰਸਤੀ ਵਿੱਚ ਨਹੀਂ। ਮਨੁੱਖ ਹੀ ਨਹੀਂ ਹਰ ਪ੍ਰਾਣੀ ਲਈ ਕਰਮ ਕਰਨਾ ਜ਼ਰੂਰੀ ਹੈ।

ਜਦ ਵੀ ਅਸੀਂ ਆਪਣਾ ਸੁਭਾਵਿਕ ਕਰਮ ਅਤੇ ਫਰਜ਼ ਦੀ ਪਾਲਣਾ ਕਰਨੀ ਛੱਡ ਦਿੰਦੇ ਹਾਂ ਸਾਡੀ ਦੁਰਗਤੀ ਹੀ ਹੁੰਦੀ ਹੈ। ਅਸੀਂ ਐਨੇ ਵੱਡੇ ਲਾਲਚੀ ਨਾ ਬਣੀਏ ਕਿ ਆਪਣੀ ਸੁੰਦਰਤਾ, ਆਪਣੀ ਕਲਾ, ਆਪਣੀ ਯੋਗਤਾ ਜਾਂ ਆਪਣੀ ਨੈਤਿਕਤਾ ਹੀ ਕਿਸੇ ਲਾਲਚ ਦੇ ਵਸ ਹੋ ਕੇ ਗਵਾ ਬੈਠੀਏ। ਕਰਮ ਦੁਆਰਾ ਅਸੀਂ ਨਾ ਕੇਵਲ ਆਸਾਨੀ ਨਾਲ ਆਪਣੀ ਰੋਜ਼ੀ-ਰੋਟੀ ਕਮਾ ਸਕਦੇ ਹਾਂ ਬਲਕਿ ਤੰਦਰੁਸਤ ਅਤੇ ਰੋਗਮੁਕਤ ਵੀ ਰਹਿੰਦੇ ਹਾਂ। ਇਸ ਲਈ ਸਹੂਲਤ ਨਹੀਂ, ਕਰਮ ਹੀ ਹੈ ਜੀਵਨ ਦਾ ਅਸਲੀ ਆਧਾਰ। ■

## ਨਵੇਂ ਸਬਸਕ੍ਰਿਪਸ਼ਨ ਸਾਫਟਵੇਅਰ ਦੇ ਵਿਸ਼ੇ ਵਿੱਚ ਪਾਠਕਾਂ ਨੂੰ ਬੇਨਤੀ

ਸਾਰੀਆਂ ਭਾਸ਼ਾਵਾਂ ਦੀਆਂ ਨਿਰੰਕਾਰੀ ਪੱਤਰ-ਪਤ੍ਰਕਾਵਾਂ 'ਸੰਤ ਨਿਰੰਕਾਰੀ', 'ਏਕ ਨਜ਼ਰ' ਅਤੇ 'ਹੰਸਤੀ ਦੁਨੀਆ' ਦੇ ਪਾਠਕਾਂ ਲਈ ਨਵੇਂ ਸਬਸਕ੍ਰਿਪਸ਼ਨ ਸਾਫਟਵੇਅਰ ਵਿੱਚ ਮੈਂਬਰਾਂ ਦੀ ਵਿਅਕਤੀਗਤ ਜਾਣਕਾਰੀ ਅਪਡੇਟ ਕੀਤੀ ਜਾ ਰਹੀ ਹੈ। ਨਵੇਂ ਸਾਫਟਵੇਅਰ ਦੇ ਸੇਵਾ ਵਿੱਚ ਪ੍ਰਾਪਤ ਹੋਣ ਤਕ ਨਵੀਂ ਮੈਂਬਰਸ਼ਿਪ ਰੱਦ ਕਰ ਦਿੱਤੀ ਗਈ ਹੈ। ਨਵੇਂ ਸਬਸਕ੍ਰਿਪਸ਼ਨ ਸਾਫਟਵੇਅਰ ਵਿੱਚ ਮੈਂਬਰਸ਼ਿਪ ਦੀ ਸਹੀ ਜਾਣਕਾਰੀ ਲਈ ਇੱਕ ਮੈਂਬਰਸ਼ਿਪ ਅਪਡੇਸ਼ਨ ਫਾਰਮ ਬਣਾਇਆ ਗਿਆ ਹੈ।

ਇਸ ਲਈ ਜਿਨ੍ਹਾਂ ਪਾਠਕਾਂ ਨੂੰ ਪੱਤਰ-ਪਤ੍ਰਕਾਵਾਂ ਨਿੱਜੀ ਤੌਰ ਤੇ ਭੇਜੀਆਂ ਜਾ ਰਹੀਆਂ ਹਨ, ਉਹਨਾਂ ਨੂੰ ਬੇਨਤੀ ਹੈ ਕਿ ਉਹ ਆਪਣੀ ਵਿਅਕਤੀਗਤ ਜਾਣਕਾਰੀ updation form ਦੇ ਅਨੁਸਾਰ ਨੇੜਲੀ ਬ੍ਰਾਂਚ ਵਿੱਚ ਜ਼ਰੂਰੀ ਰੂਪ ਨਾਲ ਦੇਣ ਦੀ ਕ੍ਰਿਪਾ ਕਰਨ। ਇਹ updation form ਆਪ E-mail:patrika.help@nirankari.org ਤੋਂ ਮੰਗਵਾ ਸਕਦੇ ਹੋ। ਕ੍ਰਿਪਾ ਕਰਕੇ ਆਪਣਾ ਮੋਬਾਇਲ/ਵੱਟਸਏਪ ਨੰਬਰ ਜ਼ਰੂਰ ਲਿਖੋ।

– ਇੰਚਾਰਜ਼, ਪਤ੍ਰਕਾ-ਪ੍ਰਕਾਸ਼ਨ ਵਿਭਾਗ

# ਕਦੇ ਨਾ ਭੁੱਲੋ

- ਹਰੇਕ ਫਰਜ਼ ਪਵਿੱਤਰ ਹੈ। ਸਮਰਪਿਤ ਭਾਵਨਾ ਨਾਲ ਨਿਭਾਇਆ ਗਿਆ ਫਰਜ਼ ਈਸ਼ਵਰ ਦੀ ਸਰਵੋਤਮ ਉਪਾਸਨਾ ਹੈ।

– ਸਵਾਮੀ ਵਿਵੇਕਾਨੰਦ

- ਨਿਮਰਤਾ ਵਿਖਾਉਂਦੇ ਸਮੇਂ ਅਸੀਂ ਮਹਾਨ ਵਿਅਕਤੀਆਂ ਦੇ ਬਰਾਬਰ ਹੋ ਜਾਂਦੇ ਹਾਂ।

ਰਵਿੰਦਰਨਾਥ ਠਾਕੁਰ

- ਨਿਮਰਤਾ ਤੋਂ ਸ੍ਰੇਸ਼ਠ ਕੋਈ ਹਥਿਆਰ ਨਹੀਂ ਹੈ।
- ਸੱਜਣਾ ਦੇ ਸਤਿਸੰਗ ਵਿੱਚ ਹੀ ਜੰਗਾਲ ਲੱਗੀ ਬੁੱਧੀ ਤੇਜ਼ ਹੁੰਦੀ ਹੈ। ਬਾਣੀ ਤੋਂ ਸੱਚ ਦੀ ਵਰਖਾ ਹੁੰਦੀ ਹੈ। ਮਾਣ ਪ੍ਰਾਪਤ ਹੁੰਦਾ ਹੈ। ਪਾਪ ਮਿੱਟ ਜਾਂਦੇ ਹਨ। ਮਨ ਸ਼ਾਂਤ ਹੁੰਦਾ ਹੈ।
- ਜਦ ਆਪਣੇ ਦੋਸ਼ ਦਿੱਸਣ ਲੱਗਦੇ ਹਨ ਤਦ ਉਚਾਈਆਂ ਦੀ ਸ਼ੁਰੂਆਤ ਹੁੰਦੀ ਹੈ।

– ਰਾਮ ਕ੍ਰਿਸ਼ਣ ਪਰਮਹੰਸ

- ਸਾਡੇ ਵਿਚਾਰ ਹਰ ਪਾਸਿਉਂ ਕਲਿਆਣਕਾਰੀ ਹੋਣ।

– ਰਿਗਵੇਦ

- ਆਪਣੇ ਫਰਜ਼ ਦਾ ਨਿਸ਼ਠਾਪੂਰਵਕ ਪਾਲਣ ਨਾ ਕਰਨਾ ਦੇਸ਼ਧਰੋਹ ਹੁੰਦਾ ਹੈ ਅਤੇ ਆਪਣੇ ਆਪ ਨੂੰ ਧੋਖਾ ਦੇਣਾ ਵੀ।
- ਜਿਸ ਪਲ ਤੁਸੀਂ ਇੱਛਾ ਤੋਂ ਉਪਰ ਉਠ ਜਾਉਗੇ, ਇੱਛਤ ਵਸਤੂ ਤੁਹਾਡੀ ਭਾਲ ਕਰਨ ਲੱਗੇਗੀ, ਇਹੀ ਕਿਸਮਤ ਹੈ।

– ਸਵਾਮੀ ਰਾਮਤੀਰਥ

- ਅਸੀਂ ਸ਼ਿਕਾਇਤ ਕਰ ਸਕਦੇ ਹਾਂ ਕਿ ਗੁਲਾਬ ਦੇ ਪੌਦੇ ਵਿੱਚ ਕੰਡੇ ਹਨ ਜਾਂ ਖੁਸ਼ੀ ਪ੍ਰਗਟ ਕਰ ਸਕਦੇ ਹਾਂ ਕਿ ਕੰਡਿਆਂ ਦੇ ਪੌਦਿਆਂ ਵਿੱਚ ਵੀ ਫੁੱਲ ਹਨ।

– ਅਬਰਾਹਮ ਲਿੰਕਨ

- ਸਫਲਤਾ ਦੀ ਕੁੰਜੀ ਬੇਹੱਦ ਆਸਾਨ ਹੈ। ਸਹੀ ਕੰਮ, ਸਹੀ ਢੰਗ ਨਾਲ ਸਹੀ ਵਕਤ ਤੇ ਕਰੋ।
- ਉਮੀਦ ਉਤਸਾਹ ਦੀ ਜਨਨੀ ਹੈ। ਇਸ ਵਿੱਚ ਤੇਜ਼, ਬਲ, ਅਤੇ ਜੀਵਨ ਹੈ। ਉਮੀਦ ਸੰਸਾਰ ਦੀ ਸੰਚਾਲਕ ਸ਼ਕਤੀ ਹੈ।
- ਆਪ ਦੀ ਵਜ੍ਹਾ ਨਾਲ ਕਿਸੇ ਇੱਕ ਵਿਅਕਤੀ ਦੀ ਜ਼ਿੰਦਗੀ ਵੀ ਆਸਾਨ ਹੋਈ ਤਾਂ ਉਹ ਸਫਲਤਾ ਹੁੰਦੀ ਹੈ।

– ਏਮਰਸਨ

ਸੰਗ੍ਰਹਿ ਕਰਤਾ: ਡਿੰਪਲਜੀਤ ਰੰਧਾਵਾ



# ਦੁਸਿਹਰਾ ਵੇਖਣ ਚਲੀਏ

– ਦਰਸ਼ਨ ਸਿੰਘ ਕੰਡਾ

ਕਿਡੇ ਵੱਡੇ ਬੁੱਤ ਬਣਾਏ,
ਗਰਾਉਂਡ ਚ ਰੱਸੇ ਬੰਨ ਟਿਕਾਏ।
ਰਾਵਣ ਬੰਨਿਆਂ ਵਿਚ ਵਿਚਾਲੇ,
ਬਾਕੀ ਦੋਵੇਂ ਆਲ ਦੁਆਲੇ।

ਰਾਮ ਚੰਦਰ ਦੀ ਸੈਨਾ ਆਈ,
ਸ਼ੁਰੂ ਹੋ ਗਈ ਫੇਰ ਲੜਾਈ।
ਵਾਨਰ ਸੈਨਾ ਜਦੋਂ ਦਹਾੜੀ,
ਭੱਜੀ ਫੌਜ ਰਾਵਣ ਦੀ ਸਾਰੀ।

ਮੇਘਨਾਥ ਨੂੰ ਮਾਰ ਮੁਕਾਇਆ,
ਕੁੰਭਕਰਨ ਨੂੰ ਫੇਰ ਜਗਾਇਆ।
ਰਾਮ ਦੀ ਸੈਨਾ ਭਾਰੂ ਹੋ ਗਈ,
ਕੁੰਭਕਰਨ ਨੂੰ ਮਾਰੂ ਹੋ ਗਈ।

ਫਿਰ ਰਾਵਣ ਦੀ ਵਾਰੀ ਆਈ,
ਲੱਗਾ ਲੜਨ ਹੋ ਗਿਆ ਸ਼ੁਦਾਈ।
ਧੁੰਨੀ ਦੇ ਵਿਚ ਤੀਰ ਜਾ ਲੱਗਿਆ,
ਧਰਤੀ ਉਤੇ ਰਾਵਣ ਡਿਗਿਆ।

ਰਾਮ ਦੀ ਹੋ ਗਈ ਜੈ ਜੈ ਕਾਰ,
ਹਰ ਪਾਸੇ ਛਾ ਗਈ ਬਹਾਰ।
ਜਿੱਤੀ ਸਚਾਈ ਬੁਰਾਈ ਹਾਰੀ,
ਉਦੋਂ ਤੋ ਸਾਰੇ ਨਰ ਨਾਰੀ।

ਦੁਸਿਹਰਾ ਖੂਬ ਮਨਾਉਂਦੇ ਨੇ,
ਤੇ ਲੋਕਾਂ ਨੂੰ ਸਮਝਾਉਂਦੇ ਨੇ।
ਕਦੇ ਕਿਸੇ ਦਾ ਬੁਰਾ ਨਾ ਕਰੀਏ,
ਮੰਦੇ ਕੰਮ ਤੋ ਸਦਾ ਹੀ ਡਰੀਏ।


ਚਿੱਤਰਕਥਾ

# ਜਿਸ ਦਾ ਕੰਮ ਉਸੇ ਨੂੰ ਸਾਜੇ

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ







ਕਿਹੋ ਜਿਹੇ ਵਫਾਦਾਰ ਹੋ? ਚੋਰ ਅੰਦਰ ਆ ਰਿਹਾ ਹੈ, ਤੂੰ ਭੌਂਕਦਾ ਵੀ ਨਹੀਂ। ਅਰੇ ਮਾਲਿਕ ਨੂੰ ਜਗਾ।
ਕੁੱਤਾ ਫਿਰ ਵੀ ਭੌਂਕਣ ਲਈ ਤਿਆਰ ਨਹੀਂ ਹੋਇਆ।
ਮਸਤ ਹੋ ਕੇ ਸੌਂ ਜਾ। ਮਾਲਿਕ ਸਾਡਾ ਧਿਆਨ ਨਹੀਂ ਰੱਖਦਾ ਤਾਂ ਅਸੀਂ ਕਿਉਂ ਧਿਆਨ ਰੱਖੀਏ। ਚੋਰੀ ਹੋ ਜਾਏਗੀ ਤਦ ਉਸ ਦੀ ਅਕਲ ਠਿਕਾਣੇ ਆਏਗੀ।
ਅਰੇ! ਬੇਵਕੂਫ ਚੋਰ ਅੰਦਰ ਆ ਗਿਆ ਹੈ। ਤੂੰ ਆਪਣੇ ਫਰਜ਼ ਦੀ ਪਾਲਣਾ ਕਰ। ਮਾਲਿਕ ਨੂੰ ਜਗਾ।
ਮੈਨੂੰ ਮੇਰਾ ਕੰਮ ਨਾ ਸਿਖਾ, ਚੁੱਪ ਰਹਿ।
ਤੂੰ ਨਹੀਂ ਭੌਂਕੇਗਾ ਤਾਂ ਮਾਲਿਕ ਨੂੰ ਮੈਂ ਹੀ ਜਗਾ ਦਿੰਦਾ ਹਾਂ। ਮੈਂ ਮਾਲਿਕ ਦਾ ਨੁਕਸਾਨ ਹੁੰਦੇ ਨਹੀਂ ਵੇਖ ਸਕਦਾ।


ਕੁੱਤੇ ਦੇ ਰੋਕਣ ਤੇ ਵੀ ਗਧਾ ਨਹੀਂ ਮੰਨਿਆ। ਉਹ ਜ਼ੋਰ-ਜ਼ੋਰ ਨਾਲ ਹਿੰਗਣ ਲੱਗਾ।
ਢੈਂਚੂ
ਧੋਬੀ ਦੀ ਅੱਖ ਖੁੱਲ੍ਹੀ। ਅੱਧੀ ਰਾਤ ਨੂੰ ਗਧੇ ਨੂੰ ਹਿੰਗਦੇ ਵੇਖ ਕੇ ਉਸ ਨੂੰ ਗੁੱਸਾ ਆ ਗਿਆ ਅਤੇ ਡੰਡਾ ਲੈ ਕੇ ਉਸ ਨੇ ਗਧੇ ਨੂੰ ਕੁੱਟ ਸੁੱਟਿਆ।
ਸਾਰੀ ਨੀਂਦ ਖਰਾਬ ਕਰ ਦਿੱਤੀ। ਲੈ ਮਜਾ ਚੱਖ।


ਹਾਏ! ਮੈਂ ਮਰ ਗਿਆ। ਮਾਲਿਕ ਨੇ ਮੈਨੂੰ ਬਹੁਤ ਮਾਰਿਆ।
ਚੋਰ ਧੋਬੀ ਦੇ ਦੁਬਾਰਾ ਸੌਂ ਜਾਣ ਤਕ ਲੁਕਿਆ ਰਿਹਾ ਅਤੇ ਮੌਕਾ ਮਿਲਦੇ ਹੀ ਚੋਰੀ ਕਰਕੇ ਭੱਜ ਗਿਆ।
ਹਾਏ! ਮੈਂ ਤਾਂ ਲੁੱਟ ਗਿਆ ਮੇਰਾ ਸਾਰਾ ਗਹਿਣਾ ਚੋਰੀ ਹੋ ਗਿਆ। ਸ਼ਾਇਦ ਗਧਾ ਮੈਨੂੰ ਚੋਰ ਦੇ ਆਉਣ ਦਾ ਇਸ਼ਾਰਾ ਕਰ ਰਿਹਾ ਸੀ। ਮੈਨੂੰ ਉਸ ਨੂੰ ਨਹੀਂ ਮਾਰਨਾ ਚਾਹੀਦਾ ਸੀ।
ਜਦ ਚੋਰ ਚੋਰੀ ਕਰ ਰਿਹਾ ਸੀ ਤਾਂ ਤੂੰ ਭੌਂਕਿਆ ਕਿਉਂ ਨਹੀਂ?
ਮੈਂ ਤਾਂ ਮਾਲਿਕ ਨੂੰ ਜਗਾ ਕੇ ਚੋਰੀ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਮਾਲਿਕ ਨੇ ਮੇਰਾ ਹੀ ਕਚੂਮਰ ਕੱਢ ਦਿੱਤਾ।
ਦੋਸਤ! ਮੈਨੂੰ ਮਾਫ਼ ਕਰ ਦੇ। ਭਵਿੱਖ ਵਿੱਚ ਅਜਿਹੀ ਗਲਤੀ ਨਹੀਂ ਕਰਾਂਗਾ। ਆਪਣੇ ਫਰਜ਼ ਦਾ ਸਹੀ ਤਰ੍ਹਾਂ ਪਾਲਣ ਕਰਾਂਗਾ।
ਸਿਖਿਆ : ਜਿਸ ਦਾ ਕੰਮ ਉਸੇ ਨੂੰ ਸਾਜੇ......।

# ਬੁੱਧੀ ਦੀ ਪਰਖ

## ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!








Video & Audio Webcasts on www.nirankari.org - Every month


SANT NIRANKARI MISSION

Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

Registered with the : Delhi Postal Regd. No. DL (N)/137/2021-2023
Registrar of Newspaper : Licence No. U (DN)-60/2021-23
For India Under RNI No. 32345/1977 : Licenced to post without Pre-payment





# NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed

Customer Care : **9818883394**